# ਔਰਤਾਂ ਤੇ ਉਹਨਾਂ ਦੇ ਬੱਚਿਆਂ ਦੇ ਖਿਲਾਫ ਹੋਈ ਹਿੰਸਾ ਨੂੰ ਕਿਵੇਂ ਰਿਪੋਰਟ ਕਰਨਾ ਹੈ

2019 ਵਿਕਟੋਰੀਆ ਐਡੀਸ਼ਨ

## ਵਿਸ਼ਾ ਸੂਚੀ


1. ਇਹ ਨਿਰਦੇਸ਼ ਕਿਉਂ ਮਹੱਤਵਪੂਰਣ ਹਨ 3

2. ਵਿਤਕਰਾ ਹਿੰਸਾ ਨੂੰ ਕਿਵੇਂ ਪ੍ਰਭਾਵਿਤ ਕਰਦਾ ਹੈ ਨੂੰ ਸਮਝਣਾ 4

3. ਔਰਤਾਂ ਅਤੇ ਉਹਨਾਂ ਦੇ ਬੱਚਿਆਂ ਦੇ ਖਿਲਾਫ ਹਿੰਸਾ ਦੀ ਰਿਪੋਰਟ ਕਰਨ ਦੇ ਕਦਮ **10** **5**

3. ਮੂਲਵਾਸੀ ਅਤੇ ਟੌਰੇਸ ਟਾਪੂ ਵਾਲੀਆਂ ਔਰਤਾਂ ਦੁਆਰਾ ਸਹੀ ਜਾਂਦੀ ਹਿੰਸਾ ਦੀ ਰਿਪੋਰਟ ਕਰਨੀ 10

4. ਆਸਟ੍ਰੇਲੀਆ ਅਤੇ ਸੰਸਾਰ ਵਿੱਚੋਂ ਬੁਰੀ ਤੋਂ ਚੰਗੀ ਰਿਪੋਰਟ ਕਰਨ ਦੀਆਂ ਉਦਾਹਰਣਾਂ 12

4. ਆਮ ਭੁਲੇਖੇ 13

3. ਤੱਥ ਅਤੇ ਅੰਕੜੇ 16

ਅੰਕੜੇ 16

ਅੰਕੜਿਆਂ ਦੀ ਸਮੱਸਿਆ 17

5. ਔਰਤਾਂ ਅਤੇ ਉਹਨਾਂ ਦੇ ਬੱਚਿਆਂ ਦੇ ਖਿਲਾਫ ਹਿੰਸਾ ਦੇ ਅਸਰ 18

6. ਪ੍ਰਭਾਸ਼ਾਵਾਂ 18

ਸ਼ਬਦ 18

7. ਮੀਡੀਆ ਅਤੇ ਪਿਛੋਕੜ ਦੇ ਸੰਪਰਕ 19

8. ਸਾਧਨ ਅਤੇ ਪੜ੍ਹਨ ਲਈ ਹੋਰ 20

## 1. ਇਹ ਨਿਰਦੇਸ਼ ਕਿਉਂ ਮਹੱਤਵਪੂਰਣ ਹਨ

ਔਰਤਾਂ ਤੇ ਉਹਨਾਂ ਦੇ ਬੱਚਿਆਂ ਦੇ ਖਿਲਾਫ ਹਿੰਸਾ ਆਸਟ੍ਰੇਲੀਆ ਵਿੱਚ ਇਕ ਗੰਭੀਰ ਸਮੱਸਿਆ ਹੈ। ਔਸਤਨ ਇਕ ਔਰਤ ਪ੍ਰਤੀ ਹਫਤਾ ਉਸ ਦੇ ਮੌਜੂਦਾ ਜਾਂ ਪੁਰਾਣੇ ਸਾਥੀ ਦੁਆਰਾ ਮਾਰ ਦਿੱਤੀ ਜਾਂਦੀ ਹੈ (AIC, 2017)।

ਖੋਜ ਸਾਨੂੰ ਦੱਸਦੀ ਹੈ ਕਿ ਸਮਾਜਿਕ ਬਦਲਾਵ ਵਾਸਤੇ ਮੀਡੀਆ ਇਕ ਤਾਕਤਵੀਰ ਤਰੀਕਾ ਹੈ ਅਤੇ ਔਰਤਾਂ ਤੇ ਉਹਨਾਂ ਦੇ ਬੱਚਿਆਂ ਦੇ ਖਿਲਾਫ ਹਿੰਸਾ ਵਾਲੇ ਸਭਿਆਚਾਰ, ਵਿਵਹਾਰਾਂ ਅਤੇ ਰਵੱਈਏ ਨੂੰ ਸਹੀ ਦਿਸ਼ਾ ਵੱਲ ਮੋੜ ਸਕਦਾ ਹੈ। ਅਤੇ, ਜਿਵੇਂ ਸਾਬਕਾ ਆਸਟ੍ਰੇਲੀਅਨ ਆਫ ਦੀ ਈਯਰ Rosie Batty ਨੇ ਕਿਹਾ, ਮੀਡੀਆ ਦੀ "ਹਿੰਸਾ ਨੂੰ ਸ਼ੁਰੂ ਹੋਣ ਤੋਂ ਪਹਿਲਾਂ ਰੋਕਣ ਵਾਸਤੇ ਇਕ ਨਿਵੇਕਲੀ ਥਾਂ ਹੈ"। ਇਹ ਇਸ ਲਈ ਕਿਉਂਕਿ:

- ਮੀਡੀਆ ਦੁਆਰਾ ਔਰਤਾਂ ਤੇ ਉਹਨਾਂ ਦੇ ਬੱਚਿਆਂ ਦੇ ਖਿਲਾਫ ਹਿੰਸਾ ਨੂੰ ਜ਼ੋਰਦਾਰ ਤਰੀਕੇ ਨਾਲ ਪੇਸ਼ ਕਰਕੇ ਪੜ੍ਹਨ, ਸੁਣਨ ਅਤੇ ਵੇਖਣ ਵਾਲਿਆਂ ਨੂੰ ਇਹ ਸਮਝਣ ਵਿੱਚ ਸਹਾਇਤਾ ਕਰਨੀ ਕਿ ਇਹ ਕਿੰਨਾ ਜ਼ਿਆਦਾ ਫੈਲਿਆ ਹੋਇਆ ਹੈ, ਕੌਣ ਪ੍ਰਭਾਵਿਤ ਹਨ, ਅਤੇ ਇਸ ਨੂੰ ਕਿਵੇਂ ਰੋਕਿਆ ਜਾ ਸਕਦਾ ਹੈ।
- ਔਰਤਾਂ ਤੇ ਉਹਨਾਂ ਦੇ ਬੱਚਿਆਂ ਨੂੰ ਉਹਨਾਂ ਦੇ ਹਿੰਸਾ ਦੇ ਆਪਣੇ ਤਜਰਬਿਆਂ ਨੂੰ ਸਮਝਣ ਅਤੇ ਕੀ ਆਪਣੀ ਗੱਲ ਦੱਸਣੀ ਹੈ, ਕਾਰਵਾਈ ਕਰਨੀ ਅਤੇ ਸਹਾਰਾ ਲੱਭਣ ਦਾ ਫੈਸਲਾ ਲੈਣ ਉਪਰ ਮੀਡੀਆ ਪ੍ਰਭਾਵ ਪਾ ਕੇ ਰਾਹ ਵਿਖਾ ਸਕਦਾ ਹੈ।
- ਮੀਡੀਆ ਕਾਤਲਾਂ ਨੂੰ ਹਿੰਸਾ ਦੀ ਵਰਤੋਂ ਕਰਨ ਅਤੇ ਆਪਣਾ ਵਿਵਹਾਰ ਬਦਲਣ ਵਾਸਤੇ ਕੀ ਸਹਾਰਾ ਲੱਭਣਾ ਹੈ ਦੇ ਵਿੱਚੋਂ ਚੋਣਾਂ ਕਰਨ ਵਿੱਚ ਸਮਝਣ ਦਾ ਰਾਹ ਵਿਖਾ ਕੇ ਪ੍ਰਭਾਵ ਪਾ ਸਕਦਾ ਹੈ।
- ਮੀਡੀਆ ਔਰਤਾਂ ਤੇ ਉਹਨਾਂ ਦੇ ਬੱਚਿਆਂ ਦੇ ਖਿਲਾਫ ਹਿੰਸਾ ਦੀ ਆਪਣੀ ਤਫਤੀਸ਼ ਰਾਹੀਂ ਜਨਤਕ ਨੀਤੀ ਅਤੇ ਕਾਨੂੰਨ ਉਪਰ ਪ੍ਰਭਾਵ ਪਾ ਸਕਦਾ ਹੈ (ਉਦਾਹਰਣ ਵਜੋਂ, ਨਿਊ ਸਾਊਥ ਵੇਲਜ਼ ਸਰਕਾਰ ਨੇ ਜ਼ਬਰਜਨਾਹ ਦੇ ਇਕ ਪ੍ਰਸਿੱਧ ਮਾਮਲੇ ਦੀ ਫੋਰ ਕੌਰਨਰ ਦੁਆਰਾ ਕੀਤੀ ਤਫਤੀਸ਼ ਤੋਂ ਬਾਅਦ ਰਾਜ ਦੇ ਸਹਿਮਤੀ ਕਾਨੂੰਨ ਨੂੰ Law Reform Commission ਕੋਲ ਅੱਗੇ ਭੇਜ ਦਿੱਤਾ ਹੈ)।
- ਮੀਡੀਆ ਸਮਾਜ ਨੂੰ ਦੋਬਾਰਾ ਤੋਂ ਇਹ ਵਿੱਚ ਸਹਾਇਤਾ ਕਰ ਸਕਦਾ ਹੈ ਕਿ ਹਿੰਸਾ ਬਾਰੇ ਗੱਲਬਾਤ ਕਿਵੇਂ ਕੀਤੀ ਜਾਵੇ – ਖਾਸ ਤੌਰ ਤੇ ਔਰਤਾਂ ਦੁਆਰਾ ਸਹੀ ਗਈ ਹਿੰਸਾ ਜੋ ਕਿ ਕਈ ਤਰ੍ਹਾਂ ਦਾ ਵਿਤਕਰਾ ਅਤੇ ਅੱਤਿਆਚਾਰ ਦਾ ਸਾਹਮਣਾ ਕਰਦੀਆਂ ਹਨ – ਅਤੇ ਇਸ ਵਿਸ਼ਵਾਸ਼ ਨੂੰ ਉੱਚਾ ਦਰਜਾ ਦਿਵਾਉਣਾ ਕਿ ਹਿੰਸਾ ਕਦੇ ਵੀ ਮੰਨਣਯੋਗ ਜਾਂ ਮਾਫੀਯੋਗ ਨਹੀਂ ਹੈ।

> ਮੀਡੀਆ "ਹਿੰਸਾ ਦੇ ਮੁੱਦੇ ਨੂੰ ਮੰਚ ਪ੍ਰਦਾਨ ਕਰਨਾ, ਘਰੇਲੂ ਹਿੰਸਾ ਦੀ ਹੋਰ ਜਾਣਕਾਰ ਸਮਝ ਨੂੰ ਉਤਸ਼ਾਹ ਦੇ ਕੇ, ਅਤੇ ਅਸਲੀ ਬਦਲਾਵ ਲਿਆਉਣ ਵਿੱਚ ਨਿਵੇਕਲਾ ਥਾਂ ਰੱਖਦਾ ਹੈ"।
>
> **- Rosie Batty,** ਘਰੇਲੂ ਹਿੰਸਾ ਦੀ ਪ੍ਰਚਾਰਕ ਅਤੇ ਸਾਬਕਾ ਆਸਟ੍ਰੇਲੀਅਨ ਆਫ ਦੀ ਈਯਰ

ਵਿਕਟੋਰੀਆ ਵਿੱਚ ਔਰਤਾਂ ਤੇ ਉਹਨਾਂ ਦੇ ਬੱਚਿਆਂ ਦੇ ਖਿਲਾਫ ਹਿੰਸਾ ਬਾਰੇ ਮੀਡੀਆ ਵਿੱਚ ਘਟਨਾਵਾਂ ਦੀ ਰਿਪੋਰਟਾਂ ਵਿੱਚ ਅਹਿਮ ਸੁਧਾਰ ਹੋਇਆ ਹੈ। ਮੀਡੀਆ ਵਾਲੇ ਵੱਧ ਚੜ੍ਹ ਕੇ ਹਿੰਸਾ ਦੇ ਕਾਰਣਾਂ ਦਾ ਮੁਆਇਨਾ ਕਰਦੇ ਹਨ, ਅਤੇ ਸ਼ਿਕਾਰ ਹੋਏ ਲੋਕਾਂ ਉਪਰ ਦੋਸ਼ ਲਾਉਣ, ਕਾਤਲਾਂ ਦੁਆਰਾ ਬਣਾਏ ਗਏ ਬਹਾਨਿਆਂ, ਜਾਂ ਗਲਤ ਤਰੀਕੇ ਵਾਲੀਆਂ ਸਲਾਹਵਾਂ ਜਿਵੇਂ ਸ਼ਰਾਬ ਅਤੇ ਦਿਮਾਗੀ ਸਿਹਤ ਹਿੰਸਾ ਦੇ ਸੰਚਾਲਕ ਹਨ, ਵਾਲੀ ਭਾਸ਼ਾ ਨੂੰ ਬੇਧਿਆਨੇ ਵਰਤਣ ਤੋਂ ਬਚਦੇ ਹਨ।ਪਰ ਅਸੀਂ ਅਜੇ ਬਹੁਤ ਅੱਗੇ ਜਾਣਾ ਹੈ।

ਹਾਲ ਹੀ ਵਿੱਚ ਆਈ ਇਕ ਰਿਪੋਰਟ ਨੇ ਲੱਭਿਆ ਹੈਕਿ ਆਸਟ੍ਰੇਲੀਆ ਦੀ ਘਟਨਾ ਆਧਾਰਿਤ ਮੀਡੀਆ ਰਿਪੋਰਟਾਂ ਵਿੱਚੋਂ 15 ਪ੍ਰਤੀਸ਼ਤ ਵਿੱਚ 'ਸ਼ਿਕਾਰ ਉਪਰ ਦੋਸ਼' ਲਾਉਣ ਵਾਲਾ ਤੱਤ ਸ਼ਾਮਲ ਹੈ, ਕਿ ਉਹ ਸ਼ਰਾਬ ਪੀ ਰਹੀ ਸੀ, ਕਾਤਲ ਦੇ ਨਾਲ ਕਲੋਲ ਕਰ ਰਹੀ/ਘਰ ਚਲੇ ਗਈ ਸੀ, ਜਾਂ ਰਾਤ ਨੂੰ ਦੇਰ ਤੱਕ ਘਰੋਂ ਬਾਹਰ ਸੀ।

ਉਨ੍ਹੇ ਹੀ ਕਾਤਲਾਂ ਵੱਲੋਂ ਬਹਾਨੇ ਬਣਾਏ ਜਾਂਦੇ ਹਨ, ਉਦਾਹਰਣ ਵਜੋਂ, ਉਹ ਸ਼ਰਾਬੀ ਸੀ, ਨਸ਼ੀਲੇ ਪਦਾਰਥ ਲੈਂਦਾ ਸੀ, ਈਰਖਾਲੂ, "ਗੁੱਸੇ ਵਿਚ ਸੀ" ਜਾਂ "ਆਪਣੇ ਆਪ ਤੋਂ ਬਾਹਰ ਹੋ ਗਿਆ" (ANROWS, 2016)। ਜਦੋਂ ਔਰਤਾਂ ਦੁਆਰਾ ਸਹੀ ਗਈ ਹਿੰਸਾ ਜੋ ਕਿ ਕਈ ਤਰ੍ਹਾਂ ਦਾ ਵਿਤਕਰਾ ਅਤੇ ਅੱਤਿਆਚਾਰ ਦਾ ਸਾਹਮਣਾ ਕਰਦੀਆਂ ਹਨ ਦੇ ਬਾਰੇ ਰਿਪੋਰਟ ਲਿਖਣ ਦੀ ਗੱਲ ਆਉਂਦੀ ਹੈ ਤਾਂ ਇਹ ਖੋਜਾਂ ਖਾਸ ਤੌਰ ਤੇ ਢੁਕਵੀਆਂ ਹਨ।

ਇਹਨਾਂ ਦੇ ਹੁੰਗਾਰਿਆਂ ਅਤੇ ਹੋਰ ਖੋਜਾਂ, ਅਤੇ ਔਰਤਾਂ ਦੇ ਖਿਲਾਫ ਹਿੰਸਾ ਦਾ ਹੱਲ ਕਰ ਰਹੀਆਂ ਸੰਸਥਾਵਾਂ ਤੇ ਮੀਡੀਆ ਦੇ ਨੁਮਾਇੰਦਿਆਂ ਨਾਲ ਸਲਾਹ ਕਰਕੇ, Our Watch ਨੇ ਇਹ ਨਿਰਦੇਸ਼ ਤਿਆਰ ਕੀਤੇ ਹਨ।

ਇਹ ਨਿਰਦੇਸ਼ ਸੁਝਾਅ ਅਤੇ ਜਾਣਕਾਰੀ ਪ੍ਰਦਾਨ ਕਰਦੇ ਹਨ ਜੋ ਕਿ ਮੀਡੀਆ ਵਰਤ ਸਕਦਾ ਹੈ ਇਹ ਯਕੀਨੀ ਬਨਾਉਣ ਲਈ ਕਿ ਉਹਨਾਂ ਦੀ ਰਿਪੋਰਟਿੰਗ ਔਰਤਾਂ ਤੇ ਉਹਨਾਂ ਦੇ ਬੱਚਿਆਂ ਦੇ ਖਿਲਾਫ ਹਿੰਸਾ ਦੇ ਹੱਲ ਦਾ ਹਿੱਸਾ ਹੈ ਅਤੇ ਇਹ ਹਿੰਸਾ ਤੋਂ ਬਚ ਗਿਆਂ ਨੂੰ ਨੁਕਸਾਨ ਨਹੀਂ ਪਹੁੰਚਾਉਂਦਾ ਜਾਂ ਹਿੰਸਾ ਨੂੰ ਸਹਾਰਾ ਦੇਣ ਵਾਲੇ ਵਿਵਹਾਰਾਂ ਤੇ ਰਵੱਈਏ ਨੂੰ ਸ਼ਹਿ ਨਹੀਂ ਦਿੰਦਾ।

## 2. ਵਿਤਕਰਾ ਹਿੰਸਾ ਨੂੰ ਕਿਵੇਂ ਪ੍ਰਭਾਵਿਤ ਕਰਦਾ ਹੈ ਨੂੰ ਸਮਝਣਾ

ਔਰਤਾਂ ਦੇ ਖਿਲਾਫ ਹਿੰਸਾ ਕਿਸੇ ਸਭਿਆਚਾਰ ਜਾਂ ਭਾਈਚਾਰੇ ਤੱਕ ਸੀਮਤ ਨਹੀਂ ਹੈ। ਫਿਰ ਵੀ ਤਾਕਤ ਵਿੱਚ ਅਸੰਤੁਲਿਨ ਜੋ ਕਿ ਵਿਤਕਰਾ ਪੈਦਾ ਕਰਦਾ ਹੈ ਦਾ ਮਤਲਬ ਕਿ ਕੁਝ ਔਰਤਾਂ ਹਿੰਸਾ, ਵਾਰ ਵਾਰ ਹਿੰਸਾ ਦੇ ਸ਼ਿਕਾਰ, ਅਤੇ ਹੋਰ ਜ਼ਿਆਦਾ ਸਹਿੰਦੀਆਂ ਹਨ, ਬੇਅਨੁਪਾਤੀ ਹਿਸਾਬ ਨਾਲ ਪ੍ਰਭਾਵਿਤ ਹੁੰਦੀਆਂ ਹਨ, ਇਸ ਵਿੱਚ ਹਿੰਸਾ ਨੂੰ ਰਿਪੋਰਟ ਕਰਨ ਅਤੇ ਮਾਹਰਾਂ ਦੀਆਂ ਸਹਾਰਾ ਸੇਵਾਵਾਂ ਤੱਕ ਪਹੁੰਚ ਵਿੱਚ ਬਾਕਾਇਦਾ ਰੁਕਾਵਟਾਂ ਸ਼ਾਮਲ ਹਨ।

ਔਰਤਾਂ ਜੋ ਬੇਅਨੁਪਾਤੀ ਹਿਸਾਬ ਨਾਲ ਪ੍ਰਭਾਵਿਤ ਹੁੰਦੀਆਂ ਹਨ ਵਿੱਚ ਸ਼ਾਮਲ ਹਨ ਪਰ ਇਹ ਸੂਚੀ ਇਹਨਾਂ ਔਰਤਾਂ ਤੱਕ ਸੀਮਤ ਨਹੀਂ ਹੈ ਜੋ ਆਪਣੇ ਆਪ ਦੀ ਪਛਾਣ ਇਸ ਤਰ੍ਹਾਂ ਕਰਦੀਆਂ ਹਨ:

- ਮੂਲ ਵਾਸੀ ਅਤੇ ਟੌਰੇਸ ਸਟਰੇਟ ਟਾਪੂਵਾਸੀ, ਦੇ ਨਾਲ ਨਾਲ
- ਪ੍ਰਵਾਸੀ ਅਤੇ ਸ਼ਰਨਾਰਥੀ
- ਅਪੰਗਤਾ ਨਾਲ ਰਹਿਣ ਵਾਲੇ
- LGBTIQ+, ਅਤੇ
- ਬਜ਼ੁਰਗ ਔਰਤਾਂ।

> **ਭਾਸ਼ਾਂ ਵਾਸਤੇ ਨੋਟ**
>
> ਇਸ ਰਿਪੋਰਟ ਵਾਸਤੇ, 'ਔਰਤਾਂ ਦੇ ਖਿਲਾਫ' ਸ਼ਬਦ ਔਰਤਾਂ ਦੁਆਰਾ ਸਹੀਆਂ ਗਈਆਂ ਸਾਰੀਆਂ ਹਿੰਸਾਵਾਂ ਨੂੰ ਸ਼ਾਮਲ ਕਰਦਾ ਹੈ ਜਿਸ ਵਿੱਚ ਪਰਵਾਰਕ ਤੇ ਘਰੇਲੂ ਹਿੰਸਾ, ਜਿਨਸੀ ਹਮਲਾ ਤੇ ਅਜਨਬੀਆਂ ਵੱਲੋਂ ਬਦਸਲੂਕੀ ਅਤੇ ਸਰੀਰਕ ਹਮਲੇ ਸ਼ਾਮਲ ਹਨ। ਪ੍ਰਭਾਸ਼ਾਵਾਂ ਵੇਖੋ, ਸਫਾ 15।

ਔਰਤ ਨੂੰ ਕਿਸ ਤਰ੍ਹਾਂ ਕਈ ਪ੍ਰਕਾਰ ਦੇ ਅੱਤਿਆਚਾਰ ਜਾਂ ਵਿਤਕਰੇ ਦਾ ਸਾਹਮਣਾ ਵੀ ਕਰਨਾ ਪੈ ਸਕਦਾ ਹੈ ਬਾਰੇ ਸੋਚਣਾ ਮਹੱਤਵਪੂਰਣ ਹੈ ਅਤੇ ਇਹ ਉਸ ਦੇ ਹਿੰਸਾ ਦੇ ਤਜਰਬੇ ਨੂੰ ਕਿਸ ਤਰ੍ਹਾਂ ਭੜਕਾਉਂਦਾ ਹੈ। ਮਿਸਾਲ ਦੇ ਤੌਰ ਤੇ, ਇਕ ਅਪੰਗਤਾ ਵਾਲੀ ਮੂਲਵਾਸੀ ਔਰਤ ਨੂੰ ਨਸਲਵਾਦ ਅਤੇ ਸਰੀਰਕ ਵਿਤਕਰੇ ਦੇ ਨਾਲ ਲਿੰਗ ਨਾਬਰਾਬਰੀ ਵੀ ਸਹਿਣੀ ਪੈਂਦੀ ਹੈ। ਇਹ ਇਹ ਵੀ ਸਮਝਾ ਸਕਦਾ ਹੈ ਕਿ ਕੁਝ ਔਰਤਾਂ ਲਈ ਸਹਾਰਾ ਸੇਵਾਵਾਂ ਤੱਕ ਪਹੁੰਚ, ਖਾਸ ਤਰ੍ਹਾਂ ਤੇ ਉਹਨਾਂ ਸਮੂਹਾਂ ਲਈ ਜੋ ਸੰਸਥਾਵਾਂ ਦੀ ਬਦਸਲੂਕੀ ਜਾਂ ਰਾਜ ਵੱਲੋਂ ਮਨਜ਼ੂਰ ਹਿੰਸਾ ਨੂੰ ਸਹਿੰਦੇ ਜਾਂ ਲਗਾਤਾਰ ਸਹਿੰਦੇ ਹਨ ਵਾਸਤੇ ਬਹੁਤ ਔਖਾ ਹੁੰਦਾ ਹੈ।

ਕੁਝ ਔਰਤਾਂ ਬੇਅਨੁਪਾਤੀ ਹਿਸਾਬ ਦੇ ਨਾਲ ਹਿੰਸਾ ਨਾਲ ਪ੍ਰਭਾਵਿਤ ਹੁੰਦੀਆਂ ਹਨ, ਇਸ ਦੇ ਕਾਰਣਾਂ ਵਿੱਚ ਸ਼ਾਮਲ ਹਨ:

- ਕਈ ਤਰੀਕਿਆਂ ਦੇ ਵਿਤਕਰੇ ਜਾਂ ਅੱਤਿਆਚਾਰ ਸਹਿਣ ਵਾਲੀਆਂ ਔਰਤਾਂ ਦੇ ਖਿਲਾਫ ਹਿੰਸਾ ਨੂੰ ਆਮ ਤੌਰ ਤੇ ਮਾਫ ਕਰ ਦਿੱਤਾ ਜਾਂਦਾ ਹੈ। ਉਦਾਹਰਣ ਵਜੋਂ, 'ਸਭਿਆਚਾਰ ਦੇ ਹਿੱਸੇ' ਵਜੋਂ, ਧਾਰਮਿਕ ਪੁਸਤਕਾਂ ਵਿੱਚ ਜਾਇਜ਼ਤਾ ਅਧੀਨ ਨਕਾਰ ਦੇਣਾ, ਜਾਂ ਰਸਮੀ/ਬੇਰਸਮੀ ਸੰਭਾਲਕਰਤਾ ਪਾਸੋਂ ਮਾਫੀ ਦਿਵਾਉਣੀ ਜੋ ਕਿ 'ਸੰਭਾਲਕਰਤਾ-ਤਣਾਅ' ਦੇ ਅਧੀਨ ਹੈ।
- ਕਈ ਤਰੀਕਿਆਂ ਦੇ ਵਿਤਕਰੇ ਜਾਂ ਅੱਤਿਆਚਾਰ ਸਹਿਣ ਵਾਲੀਆਂ ਔਰਤਾਂ ਦੇ ਖਿਲਾਫ ਹਿੰਸਾ ਨੂੰ ਆਮ ਤੌਰ ਰੂੜੀਵਾਦੀ ਕਿਹਾ ਜਾਂਦਾ ਹੈ। ਉਦਾਹਰਣ ਵਜੋਂ, ਉਹਨਾਂ ਨੂੰ 'ਉੱਚਾ, ਮਾਰਖੋਰ, ਨਸ਼ੀਲੇ ਪਦਾਰਥ ਵਰਤਣ ਵਾਲੀਆਂ' ਕਿਹਾ ਜਾਂਦਾ ਹੈ, ਉਮਰ ਜਾਂ ਅਪੰਗਤਾ ਦੇ ਕਾਰਣ ਕਰਕੇ ਅਲਿੰਗੀ ਸਮਝਿਆ ਜਾਂਦਾ ਹੈ, ਜਾਂ ਉਹਨਾਂ ਦੇ ਖਿਲਾਫ ਹਿੰਸਾ ਨੂੰ ਆਮ ਗਿਣਿਆ ਜਾਂਦਾ ਹੈ ਅਤੇ ਪਛੜੇ ਹੋਣ ਦਾ ਸਿਹਰਾ ਬੰਨਿਆ ਜਾਂਦਾ ਹੈ।
- ਮਰਦ ਹਾਣੀ ਨਾਲ ਰਿਸ਼ਤੇ ਜੋ ਕਿ ਹਮਲੇ ਦਾ ਜ਼ੋਰ ਪਾਉਂਦੇ ਹਨ ਕੁਝ ਔਰਤਾਂ ਉਪਰ ਜ਼ਿਆਦਾ ਪ੍ਰਭਾਵ ਪਾ ਸਕਦੇ ਹਨ। ਉਦਾਹਰਣ ਵਜੋਂ, ਪ੍ਰਵਾਸੀ ਪਿਛੋਕੜ ਵਾਲੀਆਂ ਔਰਤਾਂ ਨੂੰ ਕਾਮੁਕਤਾ ਵਾਲੀਆਂ, ਜਿਨਸੀ ਸੈਰ ਸਪਾਟੇ ਵਾਸਤੇ, 'ਨਸਲੀ ਅਸ਼ਲੀਲਤਾ' ਅਤੇ ਅੰਗਾਂ ਦੀ ਅਸ਼ਲੀਲਤਾ ਵਾਸਤੇ ਨਿਸ਼ਾਨਾ ਬਣਾਇਆ ਜਾਂਦਾ ਹੈ ਤੇ ਉਤਸ਼ਾਹਿਤ ਕੀਤਾ ਜਾਂਦਾ ਹੈ।
- ਮਰਦਾਂ ਦੁਆਰਾ ਫੈਸਲਿਆਂ ਉਪਰ ਕਾਬੂ ਰੱਖਣ ਨਾਲ ਜੋ ਉਹਨਾਂ ਦੀ ਸੁਤੰਤਰਤਾ ਨੂੰ ਸੀਮਤ ਕਰਨ ਨਾਲ ਕੁਝ ਔਰਤਾਂ ਹੋਰ ਜ਼ਿਆਦਾ ਪ੍ਰਭਾਵਿਤ ਹੋ ਸਕਦੀਆਂ ਹਨ। ਉਦਾਹਰਣ ਵਜੋਂ, ਪੜ੍ਹਾਈ ਵਿੱਚ ਬਰਾਬਰ ਦੀ ਪਹੁੰਚ ਤੇ ਕੰਮ ਦੇ ਮੌਕਿਆਂ ਵਿੱਚ ਕਮੀ, ਅਤੇ ਮਰਦਾਂ ਦੁਆਰਾ ਫੈਸਲਿਆਂ ਉਪਰ ਕਾਬੂ ਰੱਖਣ ਨੂੰ 'ਉਹਨਾਂ ਦੇ ਸਭਿਆਚਾਰ ਦੇ ਹਿੱਸੇ ਵਜੋਂ ਮੰਨਿਆ ਜਾਂਦਾ' ਹੈ।

ਭਾਂਵੇਂ ਕਿ ਇਹ ਮਹੱਤਵਪੂਰਣ ਹੈ ਕਿ ਮੀਡੀਆ ਸਮਝਦਾ ਹੈ ਕਿ ਕਿਵੇਂ ਸੰਸਥਾਗਤ ਅਤੇ ਅੱਤਿਆਚਾਰ ਔਰਤਾਂ ਦੇ ਹਿੰਸੇ ਦੇ ਤਜਰਬੇ ਨੂੰ ਭੜਕਾ ਸਕਦਾ ਹੈ, ਇਸ ਦਾ ਮਤਲਬ ਉਹਨਾਂ ਦੇ ਸਭਿਆਚਾਰ, ਕਾਮ ਵਾਸ਼ਨਾ, ਕੰਮ ਦੀਆਂ ਚੋਣਾਂ, ਅਪੰਗਤਾ ਜਾਂ ਹਿੰਸਾ ਦੇ ਹੋਰ ਕਾਰਕਾਂ ਨੂੰ ਇਲਜ਼ਾਮ ਦੇਣਾ ਨਹੀਂ ਹੈ।

## 3. ਔਰਤਾਂ ਅਤੇ ਉਹਨਾਂ ਦੇ ਬੱਚਿਆਂ ਦੇ ਖਿਲਾਫ ਹਿੰਸਾ ਦੀ ਰਿਪੋਰਟ ਕਰਨ ਦੇ 10 ਕਦਮ

ਇੱਥੇ ਔਰਤਾਂ ਅਤੇ ਉਹਨਾਂ ਦੇ ਬੱਚਿਆਂ ਦੇ ਖਿਲਾਫ ਹਿੰਸਾ ਦੀ ਰਿਪੋਰਟ ਕਰਨ ਲੱਗਿਆਂ ਇਹ ਯਕੀਨੀ ਬਨਾਉਣ ਲਈ ਕਿ ਇਹ ਹੱਲ ਦਾ ਹਿੱਸਾ ਹੋਵੇ, ਅਤੇ ਇਹ ਯਕੀਨੀ ਬਨਾਉਣ ਲਈ ਕਿ ਤੁਹਾਡੀ ਰਿਪੋਰਟ ਸ਼ਿਕਾਰ ਹੋਏ/ਹਿੰਸਾ ਤੋਂ ਬਚੇ ਹੋਏ ਲੋਕਾਂ ਨੂੰ ਨਵਾਂ ਜਾਂ ਵਾਧੂ ਨੁਕਸਾਨ ਨਾ ਪਹੁੰਚਾਵੇ ਜਾਂ ਹਿੰਸਾ ਨੂੰ ਵਧਾਉਣ ਵਾਲੇ ਵਿਵਹਾਰਾਂ ਜਾਂ ਰਵੱਈਏ ਨੂੰ ਵਧਾਵਾ ਨਾ ਦੇਵੇ, ਤੁਸੀਂ ਇਹ 10 ਕਦਮ ਲੈ ਸਕਦੇ ਹੋ।

### 1. ਨਾਮ ਲਵੋ

ਕਰੋ: ਜਿੱਥੇ ਵੀ ਕਾਨੂੰਨੀ ਤੌਰ ਤੇ ਸੰਭਵ ਹੋਵੇ, ਇਹਨਾਂ ਸ਼ਬਦਾਂ ਨੂੰ ਵਰਤੋ – 'ਔਰਤਾਂ/ਅਤੇ ਉਹਨਾਂ ਦੇ ਬੱਚਿਆਂ ਦੇ ਖਿਲਾਫ ਹਿੰਸਾ', 'ਪਰਿਵਾਰਕ ਹਿੰਸਾ', 'ਹਮਲਾ', 'ਜਿਨਸੀ ਹਮਲਾ', 'ਬਜ਼ੁਰਗਾਂ ਉਤੇ ਅੱਤਿਆਚਾਰ', ਬੱਚਿਆਂ ਉਤੇ ਅੱਤਿਆਚਾਰ', 'ਬੱਚਿਆਂ ਦੇ ਸ਼ੋਸ਼ਣ ਦਾ ਸਮਾਨ', 'ਬਲਾਤਕਾਰ' ਜਾਂ 'ਕਤਲ' ਜੇਕਰ/ਜਦੋਂ ਦੋਸ਼ ਲਗਾਏ ਜਾਂਦੇ ਹਨ ਅਤੇ ਲਾਗੂ ਹੁੰਦੇ ਹਨ। ਇਸ ਨਾਲ ਸਰੋਤਿਆਂ ਨੂੰ ਸਮਝ ਲੱਗੇਗੀ ਕਿ ਔਰਤਾਂ ਅਤੇ ਉਹਨਾਂ ਦੇ ਬੱਚਿਆਂ ਦੇ ਖਿਲਾਫ ਹਿੰਸਾ ਕਿੰਨੀ ਜ਼ਿਆਦਾ ਫੈਲੀ ਹੋਈ ਹੈ ਨਾ ਕਿ ਇਹ 'ਹਿੰਸਾ ਦਾ ਟਾਂਵਾਂ ਕੰਮ' ਹੈ ਜਿਸ ਦਾ ਕੋਈ ਕਿਆਸ ਨਹੀਂ ਸੀ ਲਗਾ ਸਕਦਾ। ਵੇਖੋ ਪ੍ਰਭਾਸ਼ਾਵਾਂ, ਸਫਾ 16।

*"ਹਿੰਸਾ ਤੇ ਡੂੰਘੇ ਦੁੱਖ ਤੋਂ ਬਾਹਰ ਨਿਕਲੇ ਹੋਏ ਵਜੋਂ, ਸਾਡੀ ਮਾਤਾ ਦੇ ਮਾਮਲੇ ਨੂੰ ਕਿਵੇਂ ਰਿਪੋਰਟ ਕੀਤਾ ਗਿਆ ਉਸ ਦਾ ਸਾਡੇ ਉਪਰ ਬਹੁਤ ਅਸਰ ਪਿਆ ...ਵੱਡੇ ਹੁੰਦਿਆਂ, ਮੈਂ ਸੋਚਦਾ ਸੀ ਕਿ ਪਰਿਵਾਰਕ ਹਿੰਸਾ ਜਿੰਦਗੀ ਦੀ ਸੱਚਾਈ ਹੈ, ਪਰ ਮੈਂ ਜਾਣਦਾ ਹਾਂ ਕਿ ਇਹ ਉਸ ਤਰੀਕੇ ਨਾਲ ਨਹੀਂ ਸੀ ਹੋਣਾ ਚਾਹੀਦਾ।"*

- **Arman Abrahimzadeh**, Our Watch ਰਾਜਦੂਤ

ਨਾ ਕਰੋ: ਉਹ ਸ਼ਬਦ ਵਰਤੋ ਜੋ ਹਿੰਸਾ ਨੂੰ ਘਟਾਉਣ/ਨਿਗੁਣਾ ਦੱਸਣ (ਜਿਵੇਂ 'ਘਰੇਲੂ ਝਗੜਾ', 'ਚੰਚਲ ਰਿਸ਼ਤਾ', ਜਾਂ 'ਬੱਚਿਆਂ ਦੀ ਅਸ਼ਲੀਲਤਾ')।

## 2. ਪਹਿਲਾਂ ਸੁਰੱਖਿਆ

ਕਰੋ: ਯਕੀਨੀ ਬਣਾਓ ਕਿ ਮੁੱਦੇ ਬਾਰੇ ਤੁਹਾਡੀ ਰਿਪੋਰਟ ਇਸ ਤਰ੍ਹਾਂ ਹੋਵੇ ਕਿ ਇਹ ਬਚੇ ਹੋਏ ਦੀ ਸੁਰੱਖਿਆ ਨਾਲ ਸਮਝੌਤਾ ਨਾ ਕਰੇ। ਵਿਚਾਰੋ ਜਿਸ ਵਿੱਚ ਬਚੇ ਹੋਇਆਂ ਦੇ ਖਾਸ ਵੇਰਵੇ, ਕੀ ਅਤੇ ਕਿੱਥੇ ਹੋਇਆ (ਜਿਵੇਂ ਬੱਚਿਆਂ ਦੀ ਗਿਣਤੀ, ਘਰ ਜਾਂ ਪਾਲਤੂਆਂ ਦੇ ਵੇਰਵੇ, ਜੋਰ ਜਾਂ ਵਰਤੇ ਗਏ ਹਥਿਆਰ, ਲੱਗੀਆਂ ਸੱਟਾਂ ਆਦਿ) ਸ਼ਾਮਲ ਹਨ ਬਚੇ ਹੋਇਆਂ ਦੀ ਪਹਿਚਾਣ ਦਾ ਖਤਰਾ ਹੋ ਸਕਦੇ ਹਨ।

ਕਰੋ: ਧਿਆਨ ਰੱਖੋ ਕਿ ਇਕ ਵਿਅਕਤੀ ਨੂੰ ਪਛਾਨਣਾ ਬਹੁਤ ਸੌਖਾ ਹੋ ਸਕਦਾ ਹੈ ਭਾਂਵੇਂ ਕਿ ਉਹਨਾਂ ਨੂੰ ਬੇਪਛਾਣ ਕਰਨ ਦੇ ਸਾਰੇ ਤਰੀਕੇ ਵਰਤੇ ਜਾਣ, ਉਦਾਹਰਣ ਵਜੋਂ ਮੂਲਵਾਸੀ ਅਤੇ ਟੌਰੇਸ ਟਾਪੂਆਂ ਦੇ ਭਾਈਚਾਰਿਆਂ ਵਿੱਚ ਜਾਂ ਦਿਹਾਤੀ ਤੇ ਖੇਤਰੀ ਖੇਤਰ।

## 3. ਸਬੂਤ ਆਧਾਰਿਤ ਭਾਸ਼ਾ ਵਰਤੋ

ਕਰੋ: ਉਹ ਭਾਸ਼ਾ ਅਤੇ ਸਿਰਜਣਾ ਵਰਤੋ ਜੋ ਕਿ ਸਰੋਤਿਆਂ ਨੂੰ ਸਬੂਤ ਸਮਝਣ ਵਿੱਚ ਸਹਾਇਤਾ ਕਰਨ, ਵਿਸ਼ਵ ਵਿਆਪੀ ਪੱਧਰ ਤੇ ਔਰਤਾਂ ਅਤੇ ਉਹਨਾਂ ਦੇ ਬੱਚਿਆਂ ਦੇ ਖਿਲਾਫ ਬਹੁਤੀ ਹਿੰਸਾ ਲਿੰਗ ਨਾਬਰਾਬਰਤਾ ਕਰਕੇ ਹੁੰਦੀ ਹੈ, ਜਿਸ ਵਿੱਚ ਇਹ ਸ਼ਾਮਲ ਹਨ:

- ਔਰਤਾਂ ਦੇ ਖਿਲਾਫ ਮਰਦਾਂ ਵੱਲੋਂ ਹਿੰਸਾ ਨੂੰ ਅਣਡਿੱਠ ਕਰਨਾ
- ਮਰਦਾਂ ਦੁਆਰਾ ਫੈਸਲੇ ਲੈਣ ਉਪਰ ਕਾਬੂ ਅਤੇ ਔਰਤਾਂ ਦੀ ਸੁਤੰਤਰਤਾ ਉਪਰ ਸੀਮਾਵਾਂ
- ਮਰਦਾਨਾਪਨ ਅਤੇ ਜਨਾਨਾਪਨ ਦੀ ਰੂੜੀਵਾਦੀ ਬਣਤਰਾਂ
- ਔਰਤਾਂ ਪ੍ਰਤੀ ਨਿਰਾਦਰ ਅਤੇ ਮਰਦਾਂ ਦੇ ਦੋਸਤਾਂ ਨਾਲ ਰਿਸ਼ਤੇ ਜੋ ਹਮਲੇ ਨੂੰ ਵਧਾਵਾ ਦਿੰਦੇ ਹਨ।

ਨਾ ਕਰੋ: ਹਿੰਸਾ ਦਾ ਵਰਨਣ ਇਸ ਤਰ੍ਹਾਂ ਕਰਨਾ ਕਿ ਇਹ ਸ਼ਰਾਬ ਜਾਂ ਨਸ਼ੀਲੇ ਪਦਾਰਥਾਂ ਨਾਲ ਭੜਕਦੀ ਹੈ, ਜਾਂ ਇਹ ਦਿਮਾਗੀ ਸਿਹਤ, ਤਣਾਅ, ਵਿੱਤੀ, ਸਭਿਆਚਾਰ, ਕਿਸੇ ਅਪੰਗ ਦੀ ਸੰਭਾਲ ਦੇ ਭਾਰ, ਜਾਂ ਹਮਲਾਵਰ ਦੇ 'ਅਚਾਨਕ ਤੜਕ' ਜਾਣ ਨਾਲ ਜੁੜੀ ਹੋਈ ਹੈ। ਇਹ ਸਬੂਤਾਂ ਨਾਲ ਮੇਲ ਨਹੀਂ ਖਾਂਦੇ ਹਨ। ਭਾਂਵੇਂ ਕਿ ਇਹ ਮੁੱਦੇ ਹਿੰਸਾ ਨੂੰ ਭੜਕਾ ਸਕਦੇ ਹਨ, ਇਹ ਹਿੰਸਾ ਦਾ ਕਾਰਣ ਨਹੀਂ ਹੁੰਦੇ।

ਨਾ ਕਰੋ: ਉਹ ਭਾਸ਼ਾ ਵਰਤਣੀ ਜਿਹੜੀ ਹਿੰਸਾ ਨੂੰ ਠੀਕ ਦੱਸੇ ਅਤੇ ਸ਼ਿਕਾਰ ਹੋਏ ਉਪਰ ਉਹਨਾਂ ਨਾਲ ਜੋ ਕੁਝ ਹੋਇਆ ਹੈ ਦਾ ਇਲਜ਼ਾਮ ਲਗਾਵੇ, ਜਿਸ ਵਿੱਚ ਸ਼ਾਮਲ ਹੈ ਕਿ ਉਹਨਾਂ ਪੀਤੀ ਹੋਈ ਸੀ, ਰਾਤ ਨੂੰ ਦੇਰ ਤੱਕ ਬਾਹਰ, ਇਕੱਲੇ ਤੁਰਨਾ, ਦੂਸਰੇ ਲੋਕਾਂ ਨਾਲ ਮਿਲਣਾ, ਆਦਿ।

## 4. ਕਾਨੂੰਨ ਨੂੰ ਜਾਣੋ

ਕਰੋ: ਸੁਚੇਤ ਰਹੋ ਕਿ ਕਿ ਕੁਝ ਨਿਸ਼ਚਤ ਕਾਨੂੰਨੀ ਮਾਪ ਦੰਡ ਹਨ ਜੋ ਦੱਸਦੇ ਹਨ ਕਿ ਤੁਸੀਂ ਨਿਸ਼ਚਤ ਜਿਨਸੀ ਜੁਰਮਾਂ ਦੇ ਬਾਰੇ ਕੀ ਰਿਪੋਰਟ ਕਰ ਸਕਦੇ ਹੋ ਅਤੇ ਕੀ ਨਹੀਂ ਕਰ ਸਕਦੇ, ਬਚਾਅ ਦੇ ਆਦੇਸ਼ ਜਾਰੀ ਹੋਏ ਹਨ, ਜਾਂ ਕੀ ਕੋਈ ਬੱਚੇ ਸ਼ਾਮਲ ਹਨ। ਪੱਤਰਕਾਰਾਂ ਅਤੇ ਮੀਡੀਆ ਵਾਲਿਆਂ ਨੂੰ ਆਪਣੀਆਂ

> *"ਪਰਿਵਾਰਕ ਹਿੰਸਾ ਬਾਰੇ ਚੇਤਨਾ ਜਗਾਉਣ ਵਿੱਚ ਮੀਡੀਆ ਦਾ ਬਹੁਤ ਵੱਡਾ ਪ੍ਰਭਾਵ ਹੈ ਅਤੇ ਇਹਨਾਂ ਨਿਰਦੇਸ਼ਾਂ ਦਾ ਆਰੰਭ ਖਬਰਾਂ ਵਾਲਿਆਂ ਨੂੰ ਇਸ ਗੁੰਝਲਦਾਰ ਮੁੱਦੇ ਨੂੰ ਰਿਪੋਰਟ ਕਰਨ ਵਿੱਚ ਸਹਾਇਤਾ ਮਿਲੇਗੀ।"*
>
> - **Andrew Eales,** ਪ੍ਰਬੰਧਕ ਸੰਪਾਦਕ
> Fairfax ਖੇਤਰੀ

ਜ਼ਿੰਮੇਵਾਰੀਆਂ ਦਾ ਪਤਾ ਹੋਣਾ ਜ਼ਰੂਰੀ ਹੈ ਅਤੇ ਉਹ ਇਹਨਾਂ ਨਿਰਦੇਸ਼ਾਂ ਉਪਰ ਭਰੋਸਾ ਨਾ ਕਰਨ। **ABC** ਦੀ 2016 ਗਾਈਡ[1] ਦੀ ਵਿੱਚ ਵਧੇਰੇ ਜਾਣਕਾਰੀ ਹੈ।

ਕਰੋ: ਸਮਝੋ ਕਿ ਹਿੰਸਾ ਦੀਆਂ ਬਹੁਤ ਸਾਰੀਆਂ ਕਿਸਮਾਂ ਹੋ ਸਕਦੀਆਂ ਹਨ, ਜਿਸ ਵਿੱਚ ਜਜ਼ਬਾਤੀ ਜਾਂ ਮਨੋਵਿਗਿਆਨਕ ਅੱਤਿਆਚਾਰ, ਬਜ਼ੁਰਗਾਂ ਉਪਰ ਅੱਤਿਆਚਾਰ, ਵਿੱਤੀ ਅੱਤਿਆਚਾਰ ਅਤੇ ਲਾਚਾਰੀ ਵਾਲਾ ਕਾਬੂਪਨ ਜੋ ਕਿ ਅਜੇ ਜੁਰਮ[2] ਦੇ ਘੇਰੇ ਵਿੱਚ ਨਹੀਂ ਆਇਆ, ਪਰ ਯਾਦ ਰੱਖੋ ਕਿ ਸਾਰੀਆਂ ਕਿਸਮਾਂ ਗੰਭੀਰ ਹਨ ਅਤੇ ਜਾਨ ਨੂੰ ਖਤਰਾ ਬਣ ਸਕਦੀਆਂ ਹਨ।

---

## ਬਚੇ ਹੋਇਆਂ ਨਾਲ ਮੁਲਾਕਾਤ ਕਰਨੀ

ਵਿਚਾਰੋ ਕਿ ਇਸ ਕਹਾਣੀ ਦਾ ਉਹਨਾਂ ਉਪਰ ਕਿੰਨਾ ਅਸਰ ਹੋਇਆ ਹੈ, ਜਿੰਨ੍ਹਾਂ ਦੀ ਇਹ ਹੈ। ਤੁਹਾਡੀ ਮੁਲਾਕਾਤ ਉਹਨਾਂ ਨੂੰ ਦੋਬਾਰਾ ਦੁਖੀ ਜਾਂ ਬੇਧਿਆਨੇ ਸ਼ਰਮਸਾਰ ਕਰ ਸਕਦੀ ਹੈ। ਹਿੰਸਾ ਤੋਂ ਬਚੇ ਹੋਏ ਜਾਂ ਗਵਾਹ ਰਹੇ ਬੱਚਿਆਂ ਨਾਲ ਗੱਲ ਕਰਨੀ ਖਾਸ ਖਤਰੇ ਵਾਲੀ ਹੋ ਸਕਦੀ ਹੈ। ਔਰਤਾਂ ਤੇ ਬੱਚਿਆਂ ਜਿੰਨ੍ਹਾਂ ਬਾਰੇ ਤੁਸੀਂ ਰਿਪੋਰਟ ਲਿਖ ਰਹੇ ਹੋ ਬਾਰੇ ਇੱਥੇ ਕੁਝ ਸੁਝਾਅ ਹਨ:

- ਖੁੱਲ੍ਹੇ ਅੰਤ ਵਾਲੇ ਸਵਾਲ ਪੁੱਛਣੇ, ਜਿਵੇਂ ਕਿ "ਕੀ ਤੁਸੀਂ ਮੈਨੂੰ ਉਸ ਬਾਰੇ ਦੱਸਣ ਦੇ ਯੋਗ ਹੋ ਸਕਦੇ ਹੋ ਕਿ ਕੀ ਹੋਇਆ ਸੀ?"
- ਉਹਨਾਂ ਨੂੰ ਪੁੱਛਣਾ ਕਿ ਉਹ ਕਿਸ ਤਰ੍ਹਾਂ ਪਛਾਣ ਤੇ ਜ਼ਿਕਰ ਕਰਵਾਉਣਾ ਚਾਹੁੰਦੇ ਹਨ (ਜਿਵੇਂ 'ਸ਼ਿਕਾਰ' ਜਾਂ 'ਬਚੇ ਹੋਏ', 'ਅੰਗਹੀਣ ਔਰਤ' ਦੀ ਥਾਂਵੇਂ 'ਅੰਗਹੀਣਤਾ ਵਾਲੀ ਔਰਤ', ਉਹਨਾਂ ਦੇ ਪਹਿਲ ਵਾਲੇ ਪੜਨਾਂਵ ਅਤੇ ਕੋਈ ਸਭਿਆਚਾਰਕ ਕੜੀਆਂ।)
- ਉਹਨਾਂ ਨੂੰ ਆਪਣੀ ਕਹਾਣੀ ਦੱਸਣ ਲਈ ਜਿੰਨ੍ਹਾਂ ਵੀ ਸਮਾਂ ਚਾਹੀਦਾ ਹੈ, ਦਿਓ
- ਯਕੀਨੀ ਬਣਾਓ ਕਿ ਤੁਹਾਡੇ ਕੋਲ ਉਹਨਾਂ ਦੀ ਕਹਾਣੀ ਦਾ ਖੁਲਾਸਾ ਕਰਨ ਦੀ ਜਾਣਕਾਰ ਸਹਿਮਤੀ ਹੈ, ਅਤੇ ਜਿੱਥੇ ਸੰਭਵ ਹੋਵੇ, ਉਹਨਾਂ ਨੂੰ ਮੌਕਾ ਦਿਓ ਕਿ ਉਹ ਕਿਸ ਤਰੀਕੇ ਨਾਲ ਜ਼ਿਕਰ ਕਰਵਾਉਣਾ ਜਾਂ ਹਵਾਲਾ ਦੇਣਾ ਚਾਹੁੰਦੇ ਹਨ।
- ਸੁਚੇਤ ਰਹੋ ਕਿ ਬਚੇ ਹੋਇਆਂ ਦੁਆਰਾ ਆਪਣੀਆਂ ਕਹਾਣੀਆਂ ਦੱਸਣ ਵਿੱਚ ਸੁਰੱਖਿਆ ਅਤੇ ਨੈਤਿਕ ਮੁੱਦੇ ਸ਼ਾਮਲ ਹੁੰਦੇ ਹਨ, ਜਿਸ ਵਿੱਚ ਪਛਾਣੇ ਜਾਣ ਅਤੇ ਬਦਲੇ ਦੀ ਕਾਰਵਾਈ, ਅਤੇ ਕਾਨੂੰਨੀ ਕਾਰਵਾਈਆਂ ਨੂੰ ਪ੍ਰਭਾਵਿਤ ਕਰਨ ਜਾਂ ਅਸਰ ਪਾਉਣ ਜਾਂ ਇਸ ਦੀ ਸੰਭਾਵਨਾ ਦਾ ਖਤਰਾ ਹੋ ਸਕਦਾ ਹੈ।
- ਸਮਝੋ ਕਿ ਔਰਤਾਂ ਅਤੇ ਉਹਨਾਂ ਦੇ ਬੱਚਿਆਂ ਨਾਲ ਕੰਮ ਕਰ ਰਹੀਆਂ ਸੇਵਾਵਾਂ ਕੋਲ ਥੋੜੇ ਸਾਧਨ ਹੁੰਦੇ ਹਨ, ਹੋ ਸਕਦਾ ਹੈ ਕਿ ਉਹਨਾਂ ਕੋਲ ਉਸੇ ਵੇਲੇ ਆਪਣੀਆਂ ਕਹਾਣੀਆਂ ਦੱਸਣ ਲਈ ਲੋਕ ਮੌਜੂਦ ਨਾ ਹੋਣ ਅਤੇ ਸ਼ਾਇਦ ਸਰੱਖਿਆ ਕਾਰਣਾਂ ਕਰਕੇ ਬਚੇ ਹੋਇਆਂ ਨੂੰ ਮੀਡੀਆ ਨਾਲ ਗੱਲਬਾਤ ਕਰਨ ਨੂੰ ਉਤਸ਼ਾਹਿਤ ਨਾ ਕਰਨ।
- ਸੁਚੇਤ ਰਹੋ ਕਿ ਔਰਤ ਦੇ ਖਿਲਾਫ ਹਿੰਸਾ ਜਿੰਦਗੀ ਦੇ ਸਮੇਂ ਦੌਰਾਨ ਬਦਲ ਸਕਦੀ ਹੈ, ਉਦਾਹਰਣ ਵਜੋਂ, ਬਜ਼ੁਰਗ ਔਰਤਾਂ ਨੂੰ ਆਪਣੇ ਬਾਲਗ ਬੱਚਿਆਂ ਕੋਲੋਂ ਅੱਤਿਆਚਾਰ ਸਹਿਣਾ ਪੈ ਸਕਦਾ ਹੈ।
- ਅਦਾਲਤੀ ਮਾਮਲਿਆਂ ਅਤੇ ਹਿੰਸਾ ਹੋਣ ਵੇਲੇ ਜ਼ਿਆਦਾ ਜ਼ਰੂਰੀ ਜਵਾਬਾਂ ਵਿੱਚ ਸਹਾਇਤਾ ਕਰਨ ਲਈ ਮਾਹਰ ਸੇਵਾਵਾਂ ਨਾਲ ਵਿਸ਼ਵਾਸ਼ ਵਾਲੇ ਰਿਸ਼ਤੇ ਬਣਾਓ

---

[1] ABC, 2016, http://about.abc.net.au/wp-content/uploads/2016/03/Final-DFV-Fact-Sheet-15-Feb-2016.pdf
[2] Family Violence Prevention Act, 2008

### 5. ਔਰਤ ਦੇ ਖਿਲਾਫ ਹਿੰਸਾ ਸਨਸਨੀਖੇਜ਼ ਨਹੀਂ ਹੈ

ਨਾ ਕਰੋ: ਹਿੰਸਾ ਨੂੰ ਸਨਸਨੀਖੇਜ਼ ਜਾਂ ਨਿਗੂਣਾ ਬਨਾਉਣਾ, ਜਿਸ ਵਿੱਚ ਨਾਟਕੀ ਭਾਸ਼ਾ ਦੀ ਵਰਤੋਂ, ਬੇਲੋੜੇ ਵੇਰਵੇ, ਨਿਰਮੂਲ ਜਾਂ ਸ਼ਕਤੀਹੀਣ ਚਿੱਤਰ ਸ਼ਾਮਲ ਹਨ (ਵੇਖੋ ਉਚਿੱਤ ਚਿੱਤਰਾਂ ਦੀ ਵਰਤੋਂ, ਸਫਾ 8) ਜਾਂ ਅਣਉਚਿੱਤ ਹਵਾਲੇ ਜਾਂ ਦੋ ਅਰਥੀ ਸ਼ਬਦ। ਵੇਖੋ ਉਦਾਹਰਣ 'ਬੁਰੇ ਤੋਂ ਚੰਗੀ' ਰਿਪੋਰਟ ਕਰਨੀ, ਸਫਾ 10

### 6. ਮੁਜ਼ਰਿਮ ਨੂੰ ਕਬੂਲਣਾ

ਕਰੋ: ਸ਼ਿਕਾਰ ਹੋਏ ਦੇ ਖਿਲਾਫ ਕਿਸੇ ਮੁਜ਼ਰਿਮ ਨੇ ਹਿੰਸਾ ਕੀਤੀ ਹੈ ਬਾਰੇ ਜ਼ੋਰ ਪਾਉਣ ਲਈ ਸਰਗਰਮ ਭਾਸ਼ਾ ਦੀ ਵਰਤੋਂ ਕਰੋ। ਉਦਾਹਰਣ ਵਜੋਂ, ਸੁਸਤ ਸਰਖੀਆਂ ਲਿਖਣ ਜਿਵੇਂ ਕਿ 'ਔਰਤ ਨੂੰ ਮੁੱਕਾ ਵੱਜਿਆ' ਦੀ ਬਜਾਏ ਇਹ ਲਿਖਣ ਦੀ ਸੋਚੋ 'ਮਰਦ ਨੇ ਔਰਤ ਦੇ ਮੁੱਕਾ ਮਾਰਿਆ' ਜਾਂ 'ਮਰਦ ਨੇ ਆਪਣੀ ਸਾਬਕਾ-ਪਤਨੀ ਦੇ ਮੁਕਾ ਮਾਰਿਆ'। ਨਹੀਂ ਤਾਂ ਇਹ ਇਸ ਤਰ੍ਹਾਂ ਲੱਗੇਗਾ ਕਿ ਹਿੰਸਾ ਤਾਂ ਔਰਤਾਂ ਨਾਲ 'ਹੁੰਦੀ ਹੀ ਰਹਿੰਦੀ' ਹੈ, ਜਦੋਂ ਕਿ ਅਸਲ ਵਿੱਚ, ਮੁਜ਼ਰਿਮ ਹਮੇਸ਼ਾਂ ਹੁੰਦਾ ਹੈ।

ਕਰੋ: ਬਚਣ ਵਾਲੇ ਅਤੇ ਹਮਲਾਵਰ ਦੇ ਵਿਚਕਾਰ ਚਲੰਤ ਜਾਂ ਪਿਛਲੇ ਰਿਸ਼ਤੇ ਦਾ ਨਾਮ ਦੱਸੋ (ਜੇਕਰ ਕੋਈ ਹੈ ਅਤੇ ਤੁਸੀਂ ਕਾਨੂੰਨੀ ਯੋਗ ਹੋ)। ਆਪਣੇ ਸਰੋਤਿਆਂ ਨੂੰ ਦੱਸੋ ਕਿ ਔਰਤ ਦੇ ਖਿਲਾਫ ਬਹੁਤੀ ਹਿੰਸਾ ਉਹਨਾਂ ਦੇ ਜਾਣੂਆਂ ਵੱਲੋਂ ਕੀਤੀ ਜਾਂਦੀ ਹੈ (ਜਿਵੇਂ ਕਿ ਚਲੰਤ ਜਾਂ ਪੁਰਾਣਾ ਸਾਥੀ, ਬਾਲਗ ਬੱਚਾ ਜਾਂ ਪਰਿਵਾਰ ਦੇ ਜੀਅ, ਜਾਂ ਸੰਭਾਲਕਰਤਾ ਵੱਲੋਂ) ਅਤੇ ਅਜਨਬੀਆਂ ਵੱਲੋਂ ਹਮਲੇ ਆਮ ਤੌਰ ਤੇ ਘੱਟ ਹੁੰਦੇ ਹਨ (ਜਿਵੇਂ ਕਿ ਅਜਨਬੀ ਵੱਲੋਂ ਸਰੀਰਕ ਜਾਂ ਜਿਨਸੀ ਹਮਲੇ)।

> *"ਮੈਂ ਵੇਖਿਆ ਹੈ ਕਿ ਬਿਓਂਡ ਬਲੂਅ ਅਤੇ ਪੀਓਪਲ ਵਿਦ ਡਿਸਅਬਿਲਟੀ ਆਸਟ੍ਰੇਲੀਆ ਵਰਗੀਆਂ ਸੰਸਥਾਵਾਂ ਵੱਲੋਂ ਕੀਤੀ ਰਿਪੋਰਟ ਅਤੇ ਵਰਤੀ ਗਈ ਭਾਸ਼ਾ ਨਿਰਦੇਸ਼ ਬਹੁਤ ਫਾਇਦੇਮੰਦ ਹੈ– ਇਹ ਗੱਲ ਵੀ ਭਾਵ ਰੱਖਦੀ ਹੈ ਕਿ ਪਰਿਵਾਰਕ ਹਿੰਸਾ ਵਰਗੀ ਵੱਡੀ ਗੱਲ ਵਾਸਤੇ ਪੱਤਰਕਾਰਾਂ ਵਾਸਤੇ ਨਿਰਦੇਸ਼ ਹਨ ਤਾਂ ਜੋ ਮੁੱਦਿਆਂ ਨੂੰ ਜਿੰਨ੍ਹਾਂ ਵੀ ਹੋ ਸਕੇ ਅਰਥਪੂਰਵਕ ਤਰੀਕੇ ਨਾਲ ਰਿਪੋਰਟ ਕਰਨ ਵਿੱਚ ਸਹਾਇਤਾ ਹੋਵੇਗੀ"*
>
> \- **Melissa Davey**
> ਮੈਲਬੋਰਨ ਬਿਓਰੋ ਚੀਫ
> Guardian Australia

ਨਾ ਕਰੋ: ਇਸ ਵਿਚਾਰ ਨੂੰ ਬਲ ਨਾ ਦਿਓ ਕਿ ਮਰਦਾਂ ਦੀ ਹਿੰਸਾ ਤੋਂ ਬਚਣ ਲਈ ਔਰਤਾਂ ਆਪਣੇ ਰਵੱਈਏ ਦਾ ਧਿਆਨ ਰੱਖਣ ਜਾਂ ਇਸ ਨੂੰ ਬਦਲਣ। ਭਾਂਵੇਂ ਕਿ ਇਹ ਮਹੱਤਵਪੂਰਣ ਹੈ ਕਿ ਔਰਤਾਂ ਅਤੇ ਕੁੜੀਆਂ ਸੁਰੱਖਿਅਤ ਹਨ, ਹਿੰਸਾ ਦੀ ਜਵਾਬਦੇਹੀ ਹਮੇਸ਼ਾਂ ਉਸ ਵਿਅਕਤੀ ਦੀ ਹੈ ਜੋ ਇਸ ਨੂੰ ਕਰਦਾ ਹੈ।

### 7. ਕਹਾਣੀ ਨੂੰ ਪਰਸੰਗਕ ਬਣਾਓ

ਕਰੋ: ਜਦੋਂ ਤੁਸੀਂ ਕਰ ਸਕੋ, ਕਹਾਣੀ ਨੂੰ ਬਨਾਉਣ ਲਈ ਔਰਤ ਦੇ ਖਿਲਾਫ ਹਿੰਸਾ ਦੇ ਰਾਜ, ਰਾਸ਼ਟਰੀ ਅਤੇ (ਜੇ ਉਚਿੱਤ ਹੋਵੇ) ਅੰਤਰ-ਰਾਸ਼ਟਰੀ ਅੰਕੜਿਆਂ ਨੂੰ ਵਰਤੋ। ਧਿਆਨ ਵਿੱਚ ਰੱਖੋ ਕਿ ਬਹੁਤੀਆਂ ਔਰਤਾਂ ਹਿੰਸਾ ਦੀ ਰਿਪੋਰਟ ਨਹੀਂ ਕਰਦੀਆਂ ਹਨ ਅਤੇ ਜਿਸ ਹਿਸਾਬ ਨਾਲ ਅੰਕੜੇ ਇਕੱਠੇ ਜਾਂ ਨਹੀਂ ਇਕੱਠੇ ਕੀਤੇ ਜਾਂਦੇ ਅਤੇ ਸਮਝੇ ਜਾਂਦੇ, ਕਹਾਣੀ ਦਾ ਇਕ ਮਹੱਤਵਪੂਰਣ ਹਿੱਸਾ ਹੋ ਸਕਦੇ ਹਨ। ਵੇਖੋ *ਅੰਕੜਿਆਂ ਦੀ ਸਮੱਸਿਆ*, ਸਫਾ 15

### 8. ਉਪਲਬਧ ਸਹਾਰੇ ਦੇ ਵਿਕਲਪ ਨੂੰ ਹਮੇਸ਼ਾਂ ਵਿੱਚ ਸ਼ਾਮਲ ਕਰੋ

ਕਰੋ: ਆਪਣੇ ਸਰੋਤਿਆਂ ਵਿੱਚ ਮਰਦ, ਔਰਤ ਤੇ ਬੱਚਿਆਂ ਦੀ ਜੋ ਸ਼ਾਇਦ ਸਹਾਇਤਾ ਲੱਭ ਰਹੇ ਹਨ ਦੀ ਸਹਾਇਤਾ ਕਰਨ ਦੇ ਮੌਕੇ ਦੀ ਹਮੇਸ਼ਾਂ ਵਰਤੋਂ ਕਰੋ।

> *"ਜਦੋਂ ਮੇਰੀ ਭੈਣ Niki ਦਾ ਕਤਲ ਹੋਇਆ, ਮੀਡੀਆ ਵਿਚਲੀ ਬਹੁਤੀ ਰਿਪੋਰਟ ਉਸ ਦੇ ਚਮੜੀ ਦੇ ਰੰਗ, ਸਾਡੇ ਸਭਿਆਚਾਰਕ ਪਿਛੋਕੜ ਜਾਂ "ਸਭਿਆਚਾਰ" ਜਾਂ "ਇਜ਼ਤ ਵਾਸਤੇ ਮਾਰਨ" ਦੇ ਕਾਰਣ ਕਰਕੇ ਹਮਲਾਵਰ ਦੀ ਜ਼ਿੰਮੇਵਾਰੀ ਨੂੰ ਖਤਮ ਕਰਨ ਉਪਰ ਸੀ ... ਜਦੋਂ ਕਿ ਇਹ ਸਾਰਾ ਇਕ ਮਰਦ ਵੱਲੋਂ ਇਕ ਔਰਤ ਦੀ ਜਾਨ ਲੈਣ ਬਾਰੇ ਸੀ। {ਸਾਨੂੰ} ਸਾਰੇ ਕਾਰਕਾਂ ਨੂੰ ਵੇਖਣਾ ਚਾਹੀਦਾ ਹੈ ਅਤੇ ਕਿਵੇਂ ਉਹ ਔਰਤ ਦੇ ਖਿਲਾਫ ਹਿੰਸਾ ਨੂੰ ਖਾਸ ਤੌਰ ਤੇ ਨਸਲੀ ਤੇ ਹੋਰ ਸਭਿਆਚਾਰ ਸਮੂਹਾਂ ਦੀਆਂ ਔਰਤਾਂ ਲਈ ਇੰਨ੍ਹਾ ਗੰਭੀਰ ਬਣਾ ਦਿੰਦੇ ਹਨ"*
>
> \- **Tarang Chawla**,
> Our Watch ਰਾਜਦੂਤ

ਜਿੰਨ੍ਹਾਂ ਲੋਕਾਂ ਨੇ ਹਿੰਸਾ ਨੂੰ ਸਹਿਣ ਕੀਤਾ ਹੈ ਉਹਨਾਂ ਵਾਸਤੇ ਮਾਹਰ ਸਹਾਇਤਾ ਵਾਲੇ ਵਿਕਲਪ ਬਾਰੇ ਜਾਣਕਾਰੀ ਨੂੰ ਨਿਯਮਤ ਰੂਪ ਵਿੱਚ ਸ਼ਾਮਲ ਕਰੋ, ਜਿਵੇਂ ਕਿ: "ਜੇ ਤੁਸੀਂ ਜਾਂ ਕਿਸੇ ਇਹੋ ਜਿਹੇ ਨੂੰ ਜਾਣਦੇ ਹੋ ਜੋ ਪਰਿਵਾਰਕ ਹਿੰਸਾ ਦਾ ਸ਼ਿਕਾਰ ਹੋ ਰਿਹਾ ਹੈ, ਫੋਨ **1800 RESPECT**"। ਮਰਦਾਂ ਵਾਸਤੇ ਵੀ ਹਵਾਲਾ ਸ਼ਾਮਲ ਕਰੋ, ਜਿਵੇਂ ਕਿ "ਮਰਦਾਂ ਜਿੰਨ੍ਹਾਂ ਨੂੰ ਗੁੱਸੇ, ਰਿਸ਼ਤੇ ਜਾਂ ਬੱਚਿਆਂ ਦੇ ਪਾਲਣ ਵਿੱਚ ਮੁੱਦਿਆਂ ਲਈ ਸਲਾਹ, ਰਾਇ ਅਤੇ ਸਹਾਇਤਾ ਵਾਸਤੇ, **Men's Referral Service** ਨੂੰ **1300 766 491** ਉਪਰ ਫੋਨ ਕਰੋ"।

ਨਾ ਕਰੋ: ਸਿਰਫ ਮਾਹਰ ਆਤਮਹੱਤਿਆ ਜਾਂ ਦਿਮਾਗੀ ਸਿਹਤ ਸੇਵਾਵਾਂ ਬਾਰੇ ਜਾਣਕਾਰੀ ਪ੍ਰਦਾਨ ਕਰਨੀ। ਇਹ ਬੇਧਿਆਨੇ ਹੀ ਅਰਤਾਂ ਅਤੇ ਉਹਨਾਂ ਦੇ ਬੱਚਿਆਂ ਦੇ ਖਿਲਾਫ ਹਿੰਸਾ ਦੇ ਅਸਰ ਨੂੰ ਅਣਗੌਲਿਆਂ ਕਰਦੀ ਹੈ ਅਤੇ ਇਹ ਉਹਨਾਂ ਲਈ ਜੋ ਇਸ ਵੇਲੇ ਹਿੰਸਾ ਦੇ ਸ਼ਿਕਾਰ ਹਨ ਨੂੰ ਮਾਹਰ ਦੀ ਸਹਾਇਤਾ ਲਈ ਕਿੱਥੇ ਜਾਣਾ ਹੈ ਵਾਸਤੇ ਸਾਵਧਾਨ ਕਰਨ ਦਾ ਮੌਕਾ ਖੁੰਝਾ ਦਿੰਦੀ ਹੈ।

> *"ਇਹ ਬਹੁਤ ਜ਼ਰੂਰੀ ਹੈ ਕਿ ਮੀਡੀਆ ਇਹਨਾਂ ਨਿਰਦੇਸ਼ਾਂ ਦੇ ਵਿਕਾਸ ਅਤੇ ਲਾਗੂ ਕਰਨ ਦੇ ਅਹਿਮ ਰੋਲ ਨੂੰ ਸਮਝੇ ਅਤੇ ਗਲੇ ਲਗਾਉਣ ਵਿੱਚ ਸਹਾਇਤਾ ਕਰੇ"।*
>
> - **Shaun Gough**, ਵਿਸ਼ਾ ਸੰਚਾਲਕ
> ਟਰਿਪਲ ਐਮ, ਮੈਲਬੋਰਨ

## 9. ਉਚਿੱਤ ਚਿੱਤਰ ਅਤੇ ਫਿਲਮ ਵਰਤੋ

ਕਰੋ: ਯਾਦ ਰੱਖੋ ਕਿ ਕਿਸੇ ਵੀ ਕਹਾਣੀ ਨੂੰ ਦੱਸਣ ਲਈ ਚਿੱਤਰ ਅਤੇ ਫਿਲਮ ਬਹੁਤ ਜ਼ਰੂਰੀ ਹੁੰਦੇ ਹਨ ਪਰ ਇਹ ਲਿੰਗ, ਨਸਲ, ਯੋਗਤਾ ਅਤੇ ਉਮਰ ਪ੍ਰਤੀ ਨੁਕਸਾਨਦੇਹ ਰੂੜੀਵਾਦੀਆਂ ਨੂੰ ਸ਼ਹਿ ਦੇ ਸਕਦੇ ਹਨ। ਉਦਾਹਰਣ ਵਿੱਚ ਵਿਖਾਇਆ ਜਾਣਾ ਸ਼ਾਮਲ ਹੈ ਕਿ 'ਔਰਤ ਨੇ ਪੀਤੀ ਹੋਈ ਸੀ', ਆਪਣੇ ਦੁਰਵਿਵਹਾਰ ਕਰਨ ਵਾਲੇ ਤੋਂ ਠਠੰਬਰੀ ਹੋਈ, ਤੁਰੀ ਫਿਰਨ ਵਾਲੀ ਅਤੇ ਗੈਰ-ਜ਼ਿੰਮੇਵਾਰ, ਜਾਂ ਉਹ ਹਰ ਪ੍ਰਕਾਰ ਨਾਲ ਪਰਿਵਾਰਕ ਬੰਦਾ ਹੈ'।

ਕਰੋ: ਆਪਣੇ ਆਪ ਨੂੰ ਪੁੱਛੋ (ਕੀ ਤੁਸੀਂ ਚਿੱਤਰ ਤਿਆਰ ਕਰ ਰਹੇ ਹੋ ਜਾਂ ਪਹਿਲਿਆਂ ਵਿੱਚੋਂ ਲੱਭ ਰਹੇ ਹੋ) ਚੁਣਿਆ ਹੋਇਆ ਚਿੱਤਰ ਉਸ ਵਿਅਕਤੀ ਬਾਰੇ ਕੀ ਕਹਾਣੀ ਦੱਸ ਰਿਹਾ ਹੈ। ਜੇਕਰ ਤੁਸੀਂ ਆਪ ਹੁੰਦੇ, ਕੀ ਤੁਸੀਂ ਇਸ ਚਿੱਤਰ ਨੂੰ ਵਰਤਦਿਆਂ ਵੇਖ ਕੇ ਆਰਾਮਦਾਇਕ ਮਹਿਸੂਸ ਕਰਦੇ? ਅਤੇ, ਇਸ ਦਾ ਪਰਿਵਾਰ ਦੇ ਜੀਆਂ ਅਤੇ ਦੋਸਤਾਂ ਉਪਰ ਕੀ ਅਸਰ ਪੈ ਸਕਦਾ ਹੈ?

ਨਾ ਕਰੋ: ਬਚਿਆਂ ਹੋਇਆਂ ਜਾਂ ਸ਼ਿਕਾਰ ਹੋਇਆਂ ਦੀਆਂ ਉਚਾਈ ਤੋਂ ਫੋਟੋਆਂ ਨਾ ਖਿੱਚੋ ਜਿਸ ਨਾਲ ਉਹ ਛੋਟੇ ਲੱਗਣ, ਉਹਨਾਂ ਨੂੰ 'ਉਦਾਸ' ਜਾਂ 'ਬੇਵੱਸ' ਵਿਖਾਈ ਦੇਣ ਲਈ ਕਹਿਣਾ ਜਾਂ ਉਹਨਾਂ ਦੇ ਸੋਸ਼ਲ ਮੀਡੀਆ ਤੋਂ ਅੰਗੀਆਂ ਵਾਲੀਆਂ ਫੋਟੋਆਂ ਦੇ ਚੱਕਰ ਵਿੱਚ ਪੈ ਜਾਣਾ – ਜੇ ਤੁਸੀਂ ਸਿਰਫ ਇਹੀ ਲੱਭ ਸਕੇ ਹੋ ਤਾਂ ਇਹਨਾਂ ਨੂੰ ਕੱਟ ਲਵੋ!

> *"ਚੰਗੇ ਬੰਦੇ ਆਪਣੇ ਪਰਿਵਾਰਾਂ ਦਾ ਕਤਲ ਨਹੀਂ ਕਰਦੇ। ਉਹ ਆਪਣੀਆਂ ਪਤਨੀਆਂ ਨਾਲ ਬਦਸਲੂਕੀ ਨਹੀਂ ਕਰਦੇ। ਉਹ ਆਪਣੇ ਪੁੱਤਰਾਂ ਤੇ ਧੀਆਂ ਨੂੰ ਨੁਕਸਾਨ ਨਹੀਂ ਪਹੁੰਚਾਉਂਦੇ। ਅਤੇ ਉਹ ਯਕੀਨੀ ਆਪਣੇ ਪੋਤਰਿਆਂ ਦਾ ਕਤਲ ਨਹੀਂ ਕਰਦੇ"*
>
> - **Rebecca Poulson**
> Sydney Morning Herald ਵਾਸਤੇ

## 10. ਮਾਹਰਾਂ ਦੇ ਵਿਚਾਰ ਲੈ ਲਵੋ

ਕਰੋ: ਮੁੱਦੇ ਨੂੰ ਪਰਸੰਗ ਵਿੱਚ ਰੱਖਣ ਲਈ ਔਰਤਾਂ ਦੇ ਖਿਲਾਫ ਹਿੰਸਾ ਦੇ ਮਾਹਰਾਂ ਦੇ ਹਵਾਲੇ ਦਿਓ। ਪਰਿਵਾਰਕ ਹਿੰਸਾ ਅਤੇ ਜਿਨਸੀ ਹਮਲੇ ਦੀਆਂ ਸੇਵਾਵਾਂ ਅਤੇ ਔਰਤਾਂ ਦੇ ਖਿਲਾਫ ਹਿੰਸਾ ਰੋਕਣ ਵਾਲੀਆਂ ਏਜੰਸੀਆਂ ਅਤੇ ਖੋਜਕਾਰਾਂ, ਮੂਲਵਾਸੀ ਅਤੇ ਟੌਰੇਸ ਟਾਪੂ, ਪ੍ਰਵਾਸੀ ਅਤੇ ਸ਼ਰਨਾਰਥੀ, ਅਤੇ LGBTIQ+ ਭਾਈਚਾਰਿਆਂ ਨਾਲ ਤਜਰਬਾ ਰੱਖਣ ਵਾਲੇ ਮਾਹਰਾਂ ਸਮੇਤ ਦੀ ਸੂਚੀ ਵਾਸਤੇ ਵੇਖੋ *ਸਾਧਨ,* ਸਫਾ 18

ਕਰੋ: ਹਮਲਾਵਰ ਦੀ ਗੁਆਂਢੀਆਂ ਜਾਂ ਦੋਸਤਾਂ ਕੋਲੋਂ ਚਰਿਤਰ ਦੇ ਮੁਲਾਂਕਣ ਨੂੰ ਵਿੱਚ ਸ਼ਾਮਲ ਕਰਨ ਤੋਂ ਸਾਵਧਾਨ ਰਹੋ ਜਿਵੇਂ ਕਿ "ਉਹ ਇਕ 'ਅਦਭੁੱਤ ਪਤੀ' ਅਤੇ 'ਪਿਆਰ ਕਰਨ ਵਾਲਾ ਪਿਤਾ' ਸੀ"। ਇਸ ਤਰ੍ਹਾਂ ਕਰਨਾ ਨਾਜ਼ਕ ਹੈ ਕਿਉਂਕਿ ਪਰਿਵਾਰਕ ਹਿੰਸਾ ਆਮ ਤੌਰ ਤੇ ਲੁਕਵੀਂ ਤੌਰ ਤੇ ਅਤੇ ਲੰਬੇ ਸਮੇਂ ਲਈ ਹੁੰਦੀ ਹੈ।

ਨਾ ਕਰੋ: ਔਰਤਾਂ ਦੇ ਖਿਲਾਫ ਹਿੰਸਾ ਦੀ ਰਿਪੋਰਟ ਕਰਦੇ ਸਮੇਂ ਟਿੱਪਣੀਆਂ ਵਾਸਤੇ ਸਿਰਫ ਪੁਲੀਸ ਜਾਂ ਅਦਾਲਤ ਉਪਰ ਹੀ ਨਿਰਭਰ ਕਰੋ। ਦਿਮਾਗ ਵਿੱਚ ਰੱਖੋ ਕਿ ਪੁਲੀਸ ਦਰਜ ਕੀਤੇ ਜ਼ੁਰਮਾਂ ਦਾ ਇਤਿਹਾਸ ਪ੍ਰਦਾਨ ਕਰ ਸਕਦੀ ਹੈ, ਔਰਤਾਂ ਦੇ ਖਿਲਾਫ ਹਿੰਸਾ ਜ਼ਿਆਦਾਤਰ ਬੇ-ਅਪਰਾਧਕ ਹੁੰਦੀ ਹੈ, ਨਾ ਕਿ "ਘਟਨਾ", ਅਤੇ ਔਰਤਾਂ ਦੇ ਖਿਲਾਫ ਬਹੁਤੀ ਹਿੰਸਾ ਬਿਨਾਂ ਰਿਪੋਰਟ ਕੀਤਿਆਂ ਹੀ ਲੰਘ ਜਾਂਦੀ ਹੈ।

> "ਇਹਨਾਂ ਤੱਤਾਂ ਤੋਂ ਬਿਨਾਂ, ਘਟਨਾ ਨਿਵੇਕਲੀ ਅਤੇ ਕਦੇ ਕਦਾਈਂ ਹੋਣ ਵਾਲੀ ਲੱਗਦੀ ਹੈ। ਇਹ ਜ਼ਿੰਮੇਵਾਰੀ ਨੂੰ ਵਿਅਕਤੀਆਂ ਉਪਰ ਅਤੇ ਹੱਲ ਨਿਆਂ ਪ੍ਰਣਾਲੀ ਕੋਲ ਛੱਡ ਦਿੰਦੀ ਹੈ। ਇਹ ਬਾਕੀ ਸਮਾਜ ਨੂੰ ਇਸ ਨੂੰ ਖਾਰਜ ਕਰਨ ਦੀ ਆਗਿਆ ਦਿੰਦੀ ਹੈ ਕਿ ਇਹ ਕਿਸੇ ਹੋਰ ਦੀ ਸਮੱਸਿਆ ਹੈ"।
>
> **- Annie Blatchford**, ਦ ਕਨਵਰਸੇਸ਼ਨ

## 3. ਮੂਲਵਾਸੀ ਅਤੇ ਟੌਰੇਸ ਟਾਪੂ ਵਾਲੀਆਂ ਔਰਤਾਂ ਦੁਆਰਾ ਸਹੀ ਜਾਂਦੀ ਹਿੰਸਾ ਦੀ ਰਿਪੋਰਟ ਕਰਨੀ

ਇਹ ਕਬੂਲਣਾ ਮਹੱਤਵਪੂਰਣ ਹੈ ਕਿ ਮੂਲਵਾਸੀ ਅਤੇ ਟੌਰੇਸ ਸਟਰੇਟ ਟਾਪੂ ਦੇ ਲੋਕਾਂ ਬਾਰੇ ਗਲਤ ਬਿਆਨੀ ਦਾ ਇਕ ਲੰਬਾ ਇਤਿਹਾਸ ਹੈ, ਖਾਸ ਤੌਰ ਤੇ ਜਦੋਂ ਇਹ ਮੂਲਵਾਸੀ ਔਰਤਾਂ ਦੇ ਖਿਲਾਫ ਹੁੰਦੀ ਹਿੰਸਾ ਦੀ ਰਿਪੋਰਟ ਕਰਨ ਬਾਰੇ ਹੋਵੇ।

### ਤਿਆਰੀ ਅਤੇ ਪਰਸੰਗ

- ਮੂਲਵਾਸੀ ਔਰਤਾਂ ਦੇ ਖਿਲਾਫ ਹੁੰਦੀ ਹਿੰਸਾ ਦੇ ਪਰਸੰਗ ਵਿੱਚ ਬਸਤੀਵਾਦ ਦੇ ਵਿਆਪਕ ਅਸਰਾਂ, ਜਿਸ ਵਿੱਚ ਨਸਲਵਾਦ, ਬੇਦਖਲੀ, ਅੰਤਰ ਪੀੜ੍ਹੀ ਸਦਮੇ ਅਤੇ ਡੂੰਘੀ ਗਰੀਬੀ ਸ਼ਾਮਲ ਹੈ ਬਾਰੇ ਸਮਝਣਾ ਅਹਿਮ ਹੈ, ਕਿਉਂਕਿ ਇਹ ਮੂਲਵਾਸੀ ਔਰਤਾਂ ਦੀ ਸਹਾਇਤਾ ਪ੍ਰਾਪਤ ਕਰਨ ਜਾਂ ਸੇਵਾਵਾਂ ਤੱਕ ਪਹੁੰਚ ਨੂੰ ਹੋਰ ਮੁਸ਼ਕਿਲ ਬਣਾ ਦਿੰਦਾ ਹੈ, ਅਤੇ ਇਸ ਦਾ ਅਰਥ ਉਹਨਾਂ ਦਾ ਸਰਕਾਰੀ ਏਜੰਸੀਆਂ ਵਿੱਚ ਵਿਸ਼ਵਾਸ਼ ਨਹੀਂ ਹੈ ਜਾਂ ਇਹ ਡਰ ਕਿ ਉਹਨਾਂ ਦੇ ਬੱਚਿਆਂ ਨੂੰ ਉਹਨਾਂ ਤੋਂ ਖੋਹ ਨਾ ਲਿਆ ਜਾਵੇ।
- ਮੁੱਦਿਆਂ ਦੇ ਭਾਈਚਾਰੇ ਵਾਲੇ ਹੱਲਾਂ ਨੂੰ ਸ਼ਾਮਲ ਕਰਨ ਬਾਰੇ ਸੋਚੋ (ਜਿਵੇਂ ਮੂਲਵਾਸੀ ਅਤੇ ਟੌਰੇਸ ਸਟਰੇਟ ਟਾਪੂ ਦੇ ਲੋਕਾਂ ਦੀ ਅਗਵਾਈ, ਕਾਨੂੰਨੀ ਸੁਧਾਰ, ਪਰਿਵਾਰਕ ਹਿੰਸਾ ਦਾ ਹੱਲ ਜਾਂ ਇਸ ਨੂੰ ਰੋਕਣ ਵਾਲੇ ਭਾਈਚਾਰੇ ਦੀ ਅਗਵਾਈ ਵਾਲੇ ਸਮਰਪਿਤ ਪ੍ਰੋਗਰਾਮ)

> *ਪੱਤਰਕਾਰਾਂ ਨੂੰ ਇਹ ਸਮਝਣ ਦੀ ਲੋੜ ਹੈ ਕਿ ਜਿੰਸਾ ਅਤੇ ਸਮੱਸਿਆ ਕਿੱਥੋਂ ਆਈ ਹੈ ਅਤੇ ਇਹ ਬਸਤੀਵਾਦ, ਨੁਕਸਾਨ ਅਤੇ ਗਰੀਬੀ ਦੇ ਸੂਚਕ ਹਨ, ਨਾ ਕਿ ਨਸਲ ਅਤੇ ਸਭਿਆਚਾਰ ਦੇ। ਲੋਕਾਂ ਨੂੰ ਇਹ ਸਮਝਣ ਲਈ ਆਸਟ੍ਰੇਲੀਆ ਦੇ ਇਤਿਹਾਸ ਨਾਲ ਜੁੜਨ ਦੀ ਲੋੜ ਹੈ"।*
>
> **– Paul Daley**, Walkey - ਜੇਤੂ ਪੱਤਰਕਾਰ, ਲਿਖਾਰੀ ਅਤੇ ਨਾਟਕ ਲਿਖਣ ਵਾਲਾ

### ਹਾਨੀਕਾਰਕ ਰੂੜੀਵਾਦ

ਕਹਾਣੀ ਵਿੱਚਲੀ ਕੋਈ ਵੀ ਧਾਰਨਾ ਜੋ ਜਨਮਜਾਤ ਹੋ ਸਕਦੀ ਹੈ ਬਾਰੇ ਸੋਚੋ ਅਤੇ ਆਪਣੇ ਆਪ ਨੂੰ ਪੁੱਛੋ:

- ਕੀ ਮੈਂ (ਚਿੱਤਰਾਂ, ਭਾਸ਼ਾ ਅਤੇ ਅੰਕੜਿਆਂ ਰਾਹੀਂ) ਨਾਕਾਰਾਤਮਿਕ ਰੂੜੀਵਾਦ ਨੂੰ ਸ਼ਹਿ ਦੇ ਰਿਹਾਂ ਹਾਂ, ਉਦਾਹਰਣ ਵਜੋਂ, ਕਿ ਮੂਲਵਾਸੀ ਹੋਣਾ ਹੀ ਹਿੰਸਾ ਦਾ ਕਾਰਣ ਜਾਂ ਇਸ ਵਿੱਚ ਹਿੱਸਾ ਪਾ ਰਿਹਾ ਹੈ, ਜਾਂ ਸਾਰੇ ਮੂਲਵਾਸੀ ਲੋਕਾਂ ਨੂੰ ਨਸ਼ੀਲੇ ਪਦਾਰਥਾਂ ਅਤੇ ਸ਼ਰਾਬ ਦੀ ਸਮੱਸਿਆ ਹੈ?

- ਕੀ ਮੈਂ ਮੂਲਵਾਸੀ ਔਰਤਾਂ ਦੇ ਖਿਲਾਫ ਹਿੰਸਾ ਨੂੰ ਔਰਤਾਂ ਦੀ ਰਾਸ਼ਟਰੀ ਅਤੇ ਵਿਸ਼ਵਵਿਆਪੀ ਹਿੰਸਾ ਨਾਲ ਜੋੜਿਆ ਹੈ, ਨਾ ਕਿ ਇਸ ਨੂੰ 'ਮੂਲਵਾਸੀ ਸਮੱਸਿਆ' ਬਣਾ ਕੇ ਪੇਸ਼ ਕਰ ਰਿਹਾਂ ਹਾਂ?
- ਕੀ ਮੈਂ ਹਮਲਾਵਰ ਦੀ ਜਾਤ ਬਾਰੇ ਧਾਰਨਾ ਬਣਾਈ ਹੈ, ਇਹ ਧਿਆਨ ਵਿੱਚ ਰੱਖਦੇ ਹੋਏ ਕਿ ਗੈਰ-ਮੂਲਵਾਸੀ ਮਰਦ ਵੀ ਜਵਾਬਦੇਹ ਹਨ (ਅਤੇ ਜ਼ਿਆਦਾ ਕਰਕੇ ਸ਼ਹਿਰੀ ਖੇਤਰਾਂ ਵਿੱਚ ਜਵਾਬਦੇਹ ਹੁੰਦੇ ਹਨ) (Our Watch, 2018)
- ਕੀ ਮੈਂ ਬੇਧਿਆਨੇ ਸਭਿਆਚਾਰ, ਸ਼ਰਾਬ ਜਾਂ ਔਰਤਾਂ ਦੇ ਵਿਵਹਾਰ ਨੂੰ ਹਿੰਸਾ ਵਾਸਤੇ ਦੋਸ਼ ਦੇ ਰਿਹਾ ਹਾਂ?

## ਸਭਿਆਚਾਰਕ ਆਦਰਸ਼ ਪੱਤਰ

- ਕੀ ਤੁਸੀਂ ਭਾਈਚਾਰੇ ਦੇ ਮੈਂਬਰਾਂ ਪਾਸੋਂ ਇਸ ਖਾਸ ਮੂਲਵਾਸੀ ਭਾਈਚਾਰੇ ਵਿੱਚ ਨਾਮ, ਜਾਂ ਗੁਜ਼ਰ ਗਏ ਵਿਅਕਤੀ ਦੀ ਫੋਟੋ ਨੂੰ ਵਰਤਣ ਬਾਰੇ ਸਭਿਆਚਾਰਕ ਆਦਰਸ਼ ਪੱਤਰ ਬਾਰੇ ਸਲਾਹ ਲਈ ਹੈ?
- ਕੀ ਤੁਸੀਂ ਆਪਣੇ ਰਿਪੋਰਟ ਕਰਨ ਵਾਲੇ ਖੇਤਰ ਦੇ ਭਾਈਚਾਰਿਆਂ ਬਾਰੇ ਹੋਰ ਸਿੱਖਣ ਅਤੇ ਆਪਣੀ ਸਭਿਆਚਾਰਕ ਯੋਗਤਾ[3] ਨੂੰ ਹੋਰ ਵਧਾ ਸਕਦੇ ਹੋ?

## ਆਪਣੇ ਸਰੋਤਾਂ ਨੂੰ ਵਿਚਾਰੋ

- ਸਮਝੋ ਕਿ ਕੋਈ 'ਇਕ ਆਵਾਜ਼' ਸਾਰੇ ਮੂਲਵਾਸੀ ਅਤੇ ਟੌਰੇਸ ਸਟਰੇਟ ਟਾਪੂ ਦੇ ਭਾਈਚਾਰੇ ਦੀ ਥਾਂਵੇਂ ਨਹੀਂ ਬੋਲ ਸਕਦੀ
- ਮੂਲਵਾਸੀ ਅਤੇ ਟੌਰੇਸ ਸਟਰੇਟ ਟਾਪੂ ਦੇ ਲੋਕਾਂ ਪਾਸੋਂ ਇਸ ਬਾਰੇ ਸਲਾਹ ਲਵੋ ਕਿ *ਉਹ* ਕਿਸ ਨੂੰ ਪ੍ਰਤਿਸ਼ਠਾ ਵਾਲਾ ਨੇਤਾ ਜਾਂ ਮਾਹਰ ਮੰਨਦੇ ਹਨ।
- ਜਿੱਥੇ ਸੰਭਵ ਹੋਵੇ, ਆਪਣੀਆਂ ਕਹਾਣੀਆਂ ਵਿੱਚ ਮੂਲਵਾਸੀ ਅਤੇ ਟੌਰੇਸ ਸਟਰੇਟ ਟਾਪੂ ਦੀਆਂ ਔਰਤਾਂ ਦੀ ਆਵਾਜ਼ ਨੂੰ ਵੀ ਇਸ ਤਰ੍ਹਾਂ ਸ਼ਾਮਲ ਕਰੋ ਕਿ ਜਿਸ ਨਾਲ ਮੁੱਦੇ ਉਪਰ ਉਹਨਾਂ ਦੀ ਅਗਵਾਈ ਅਤੇ ਦਬਦਬਾ ਉਜਾਗਰ ਹੋਵੇ, ਨਾ ਕਿ ਉਹਨਾਂ ਨੂੰ ਸਿਰਫ ਨਾਕਾਰਤਮਿਕ ਹੀ ਵਿਖਾਇਆ ਜਾਵੇ।
- ਆਪਣੇ ਸੰਪਰਕਾਂ ਅਤੇ ਸਰੋਤਾਂ ਨਾਲ ਰਿਸ਼ਤੇ ਕਾਇਮ ਕਰਨ ਅਤੇ ਵਿਸ਼ਵਾਸ਼ ਜਿੱਤਣ ਲਈ ਸਮਾਂ ਲਵੋ। ਇਤਿਹਾਸਕ ਤੌਰ ਤੇ, ਰਿਪੋਰਟ ਕਰਨ ਵਾਲਿਆਂ ਨੇ ਭਾਈਚਾਰੇ ਵਿੱਚ ਮੀਡੀਆ ਪ੍ਰਤੀ ਬੇ-ਵਿਸ਼ਵਾਸ਼ ਪੈਦਾ ਕਰ ਦਿੱਤਾ ਹੈ।

| ਬੁਰੀ ਰਿਪੋਰਟ ਕਰਨੀ | ਚੰਗੀ ਰਿਪੋਰਟ ਕਰਨੀ [4] |
|---|---|
| ਸੁਰਖੀ: 'ਮਰਨ ਵਾਲੀ ਮਾਤਾ...ਨਸ਼ੇੜੀ ਸੀ ਜੋ ਆਪਣੇ ਬੱਚਿਆਂ ਨੂੰ 'ਭੁੱਖਾ ਰੱਖਦੀ' ਅਤੇ 'ਕੁੱਟਦੀ' ਸੀ<br><br>ਸਮੱਸਿਆ: ਹਮਲਾਵਰ ਦੁਆਰਾ ਇਕ ਔਰਤ ਤੇ ਉਸ ਦੇ ਦੋ ਬੱਚਿਆਂ ਦੇ ਕਤਲ ਉਪਰ ਕੇਂਦਰਿਤ ਨਾ ਕਰਕੇ ਇਹ ਲੇਖ ਮਰੀ ਔਰਤ ਦੇ ਪਾਲਣ-ਪੋਸ਼ਣ, ਨਸ਼ੀਲੇ ਪਦਾਰਥਾਂ ਦੀ ਵਰਤੋਂ ਅਤੇ ਬੱਚਿਆਂ ਦੇ ਬਚਾਅ ਵਿੱਚ ਉਲਝਣ ਉਪਰ ਕੇਂਦਰਿਤ ਕਰਦਾ ਹੈ। ਇਹ ਬੇਧਿਆਨੇ ਹੀ ਭਾਵ ਦਿੰਦਾ ਹੈ ਕਿ ਔਰਤ ਆਪਣੇ ਅਤੇ ਆਪਣੇ ਦੋ ਬੱਚਿਆਂ ਦੇ ਕਤਲ ਵਾਸਤੇ ਜਿੰਮੇਵਾਰ ਹੈ। | ਸੁਰਖੀ: 'ਅਸੀਂ ਅਸਲੀ ਔਰਤਾਂ ਹਾਂ ਅਤੇ ਅਸੀਂ ਸ਼ਾਂਤੀ ਨਾਲ ਰਹਿਣਾ ਚਾਹੁੰਦੀਆਂ ਹਾਂ'<br><br>ਸਫਲਤਾ: Miki Perkins' ਦੀ ਰਿਪੋਰਟ ਮੂਲਵਾਸੀ ਔਰਤਾਂ ਦੁਆਰਾ ਸਹੀ ਜਾਂਦੀ ਹਿੰਸਾ ਦੇ ਬੇਹਿਸਾਬੇ ਦਰਜੇ ਵੱਲ ਧਿਆਨ ਦਿਵਾਉਂਦੀ ਹੈ ਜੋ ਕਿ ਇਕ ਤਰ੍ਹਾਂ ਬਸਤੀਵਾਦ, ਬੇਦਖਲੀ ਅਤੇ ਲਗਾਤਾਰ ਹੋ ਰਹੇ ਨੁਕਸਾਨ ਦੇ ਵੱਡੇ ਪਰਸੰਗ ਨੂੰ ਮਾਨਤਾ ਦਿੰਦਾ ਹੈ। |

---

[3] ਸੰਸਥਾਵਾਂ ਜਿਵੇਂ ਕਿ Koorie Heritage Trust ਇਸ ਸਿੱਖਿਆ ਵਿੱਚ ਸਹਾਇਤਾ ਕਰ ਸਕਦੀਆਂ ਹਨ

[4] ਹੋਰ ਜਾਣਕਾਰੀ ਇੱਥੋਂ ਲੱਭੀ ਜਾ ਸਕਦੀ ਹੈ *Reporting on Aboriginal People's Experiences of Family Violence* (2018)

## 4. ਆਸਟ੍ਰੇਲੀਆ ਅਤੇ ਸੰਸਾਰ ਵਿੱਚੋਂ ਬੁਰੀ ਤੋਂ ਚੰਗੀ ਰਿਪੋਰਟ ਕਰਨ ਦੀਆਂ ਉਦਾਹਰਣਾਂ

ਆਸਟ੍ਰੇਲੀਆ ਅਤੇ ਸੰਸਾਰ ਵਿੱਚ ਔਰਤਾਂ ਅਤੇ ਉਹਨਾਂ ਦੇ ਬੱਚਿਆਂ ਦੇ ਖਿਲਾਫ ਹੋਈ ਹਿੰਸਾ ਦੀ ਮੀਡੀਆ ਵੱਲੋਂ ਕੀਤੀਆਂ ਰਿਪੋਰਟਾਂ ਵਿੱਚੋਂ ਕੁਝ ਕੀਮਤੀ ਸਿੱਖਿਆਵਾਂ ਹੇਠਾਂ ਵੇਖੋ।

| ਬੁਰੀ | ਸਮੱਸਿਆ | ਸਬੂਤ | ਚੰਗੀ |
|---|---|---|---|
| 'ਗਰੋਹ ਵੱਲੋਂ ਬਲਾਤਕਾਰ ਦਾ ਸ਼ਿਕਾਰ ਹੋਈ ਨੇ ਬਹੁਤ ਸ਼ਰਾਬ ਪੀਤੀ ਹੋਈ ਸੀ' | ਸ਼ਿਕਾਰ ਹੋਈ ਔਰਤ ਦੀ ਸ਼ਰਾਬ ਪੀਣ ਦਾ ਕਹਾਣੀ ਨਾਲ ਸਬੰਧ ਨਹੀਂ ਹੈ ਅਤੇ ਇਹ ਬੇਧਿਆਨੇ ਭਾਵ ਪੈਦਾ ਕਰਦੀ ਹੈ ਕਿ ਉਹ ਆਪਣੇ ਬਲਾਤਕਾਰ ਵਾਸਤੇ ਖੁਦ ਜਿੰਮੇਵਾਰ ਸੀ।<br><br>ਇਹ ਸੁਰਖੀ ਹਮਲਾਵਾਰ ਨੂੰ ਵਿੱਚੋਂ ਹਟਾ ਦਿੰਦੀ ਹੈ ਅਤੇ ਸਾਰਾ ਧਿਆਨ ਹਿੰਸਾ ਦਾ ਸ਼ਿਕਾਰ ਹੋਈ ਵੱਲ ਲਗਾ ਦਿੰਦੀ ਹੈ। | ਸ਼ਿਕਾਰ ਹੋਈ ਉਪਰ ਦੋਸ਼ ਲਗਾਉਣ ਦੇ ਬਹੁਤ ਸਾਰੇ ਨਕਾਰਤਮਿਕ ਅਸਰ ਹੁੰਦੇ ਹਨ, ਜਿਵੇਂ ਕਿ ਘੱਟ ਹਮਦਰਦੀ ਤੇ ਸਹਾਇਤਾ, ਘੱਟ ਦਖਲ, ਮਾੜੇ ਸਿਹਤ ਨਤੀਜੇ, ਅਦਾਲਤਾਂ ਵਿੱਚ ਬੁਰਾ ਨਿਪਟਾਰਾ, ਅਤੇ ਔਰਤਾਂ ਅਤੇ ਉਹਨਾਂ ਦੇ ਬੱਚਿਆਂ ਦੇ ਖਿਲਾਫ ਹੋਈ ਹਿੰਸਾ ਨੂੰ ਚਲਾਉਣ ਦਾ ਹੱਲ ਨਹੀਂ ਕੱਢਦੀ। | 'ਤਿੰਨ ਬਾਲਗ ਮਰਦ ਨਾਬਾਲਗ ਕੁੜੀ ਦੇ ਗਰੋਹੀ ਬਲਾਤਕਾਰ ਦੇ ਦੋਸ਼ੀ' |
| ਕਤਲ ਕੀਤੀ ਗਈ ਔਰਤ ਨੂੰ "'ਖਰੂਦੀ ਸੰਭੋਗ' ਤੋਂ ਬਾਅਦ ਖੂਨ ਵਗਣ ਲਈ ਛੱਡ ਦਿੱਤਾ" | ਮੂਲਵਾਸੀ ਔਰਤ Lynette Daley ਦੇ ਨਿਰਦਈ ਬਲਾਤਕਾਰ ਅਤੇ ਕਤਲ ਦੀ ਰਿਪੋਰਟ ਨੇ ਉਸ ਦੀਆਂ ਸੱਟਾਂ ਨੂੰ ਸਪਸ਼ਟ ਅਤੇ ਸਨਸਨੀਖੇਜ਼ ਤਰੀਕੇ ਨਾਲ ਸ਼ਾਮਲ ਕੀਤਾ ਸੀ। ਇਸ ਲੇਖ ਨੂੰ ਆਸਟ੍ਰੇਲੀਆ ਦੀ ਪਰੈਸ ਕੌਂਸਿਲ ਦੇ ਮਾਪਦੰਡਾਂ ਦੇ ਹਿਸਾਬ ਨਾਲ ਕਥਿਤ ਬਲਾਤਕਾਰ ਨੂੰ 'ਖਰੂਦੀ ਸੰਭੋਗ" ਵਾਲੀ ਗੱਲ ਕਰਕੇ ਉਲੰਘਣਾ ਵਾਲਾ 'ਗਲਤ' ਅਤੇ 'ਪੱਖਪਾਤੀ' ਗਿਣਿਆ ਗਿਆ ਸੀ। | ਲੰਬੇ ਸਮੇਂ ਤੋਂ, ਮੂਲਵਾਸੀ ਔਰਤਾਂ ਦੇ ਖਿਲਾਫ ਹਿੰਸਾ ਨੂੰ ਮੀਡੀਆ ਦੀਆਂ ਰਿਪੋਰਟਾਂ ਵਿੱਚ ਘਟਾਇਆ, ਜਾਇਜ਼ ਜਾਂ 'ਗਾਇਬ' ਰੱਖਿਆ ਗਿਆ ਹੈ। ਕਥਿਤ ਬਲਾਤਕਾਰ ਦਾ ਨਾਮ ਦੱਸਣ ਵਿੱਚ ਅਸਫਲ ਹੋਣ ਤੇ, ਲੇਖ ਨੇ ਹਮਲਾਵਰਾਂ ਨੂੰ ਜਵਾਬਦੇਹੀ ਤੋਂ ਪਰ੍ਹੇ ਕਰ ਦਿੱਤਾ ਅਤੇ Lynette Daley ਦੇ ਬਿਨਾਂ ਸਹਿਮਤੀ ਅਤੇ ਨਿਰਦਈ ਬਲਾਤਕਾਰ ਤੇ ਕਤਲ ਨੂੰ ਅੱਖੋਂ ਪਰੋਖਿਆ ਕਰ ਦਿੱਤਾ। | ਲਿਨੈਟ ਡੇਲੀ ਦੇ ਕਥਿਤ ਬਲਾਤਕਾਰ ਤੋਂ ਬਾਅਦ ਕਤਲ ਤੇ ਉਸ ਦੀ ਮੌਤ ਦਾ ਇਨਸਾਫ ਮੰਗਣ ਵਾਸਤੇ ਪਰਚਾਰ |
| 'ਮਨ ਦੀ ਦਸ਼ਾ ਹਿੰਸਾ ਵਾਸਤੇ ਦੋਸ਼ੀ' | ਭਾਈਚਾਰਾ ਬਿਨਾਂ ਬੋਲੀ ਹਿੰਸਾ ਨੂੰ ਸਮਝਣ ਦੇ ਤਰੀਕੇ ਲੱਭ ਰਿਹਾ ਹੈ, ਪਰ ਹਿੰਸਾ ਦੇ ਕਾਰਣਾਂ ਤੋਂ ਜਨਤਾ ਨੂੰ ਸਿੱਖਿਅਕ ਕਰਨ ਦੀ ਬਜਾਏ ਹਮਲਾਵਰ ਵੱਲੋਂ ਸਹੇ ਗਏ ਦੁੱਖਾਂ ਦੇ ਵੇਰਵੇ ਛਾਪੇ ਜਾਂਦੇ ਹਨ। | ਮਰਦਾਂ ਦੀ ਔਰਤਾਂ ਦੇ ਖਿਲਾਫ ਹਿੰਸਾ ਵਾਸਤੇ 'ਮਨ ਦੀ ਦਸ਼ਾ' ਜਾਂ ਦਿਮਾਗੀ ਸਿਹਤ ਨੂੰ ਦੋਸ਼ੀ ਮੰਨਣ ਦੀਆਂ ਜੜ੍ਹਾਂ ਸਬੂਤਾਂ ਵਿੱਚ ਨਹੀਂ ਹਨ ਅਤੇ ਇਹ ਵਿਕਟੋਰੀਆ ਦੇ ਪਰਿਵਾਰਕ ਹਿੰਸਾ ਦੇ ਰੋਇਲ ਕਮਿਸ਼ਨ ਦੀਆਂ ਖੋਜਾਂ ਦੇ ਉਲਟ ਹਨ। | 'ਹਮਲਾਵਰਾਂ ਦੀ ਕਾਬੂ ਕਰਨ ਦੀ ਲੋੜ ਬਿਨਾਂ ਬੋਲੀ ਹਿੰਸਾ ਨੂੰ ਵਧਾਉਂਦੀ ਹੈ' |
| ਕਤਲ ਕੀਤੀ ਗਈ ਔਰਤ ਨੂੰ | ਜਦੋਂ ਦੁਵਲਿੰਗੀ ਔਰਤ Mayang | ਔਰਤਾਂ ਜੋ ਦੁਵਲਿੰਗੀ, ਲਿੰਗ ਵਿਭਿੰਨਤਾ, | 'ਆਦਮੀ ਵੱਲੋਂ ਨਿਰਦਾਇਤਾ |

| | | | |
|---|---|---|---|
| 'ਬੰਦਿਆਂ ਵਰਗੀ' ਦੱਸਣਾ | Prasetyo ਦਾ ਉਸ ਦੇ ਪਤੀ Marcus Volke ਵੱਲੋਂ ਨਿਰਦਾਇਤਾ ਨਾਲ ਕਤਲ ਕੀਤਾ ਗਿਆ ਸੀ ਤਾਂ ਕੁਝ ਰਿਪੋਰਟਾਂ ਨੇ ਹਿੰਸਾ ਦੇ ਬੇਲੋੜੇ ਅਤੇ ਸਪਸ਼ਟ ਵੇਰਵੇ ਦਿੱਤੇ, ਨਹਾਉਣ ਵਾਲੇ ਕੱਪੜਿਆਂ ਦੀਆਂ ਫੋਟੋਆਂ ਦੀ ਲੜੀ ਰਾਹੀਂ ਉਸ ਨੂੰ ਕਾਮੁਕ ਵਿਖਾਇਆ ਗਿਆ ਅਤੇ ਉਸ ਦੇ ਜਿਨਸੀ ਕੰਮ ਤੇ ਨਿੱਜੀ ਜ਼ਿੰਦਗੀ ਦੀ ਪੜਚੋਲ ਨੂੰ ਹਿੰਸਾ ਨੂੰ ਜਾਇਜ਼ ਜਾਂ ਸਮਝਣ ਲਈ ਵਿਖਾਇਆ ਗਿਆ। | ਲੈਜ਼ਬੀਅਨ ਅਤੇ ਦੋਲਿੰਗੀ ਵਜੋਂ ਪਛਾਣੀਆਂ ਜਾਂਦੀਆਂ ਹਨ ਨਾਲ ਵਿਤਕਰਾ ਕੀਤਾ ਜਾਂਦਾ ਹੈ ਅਤੇ ਖਾਸ ਤੋਰ ਤੇ ਜਿੰਸਾ ਦਾ ਨਿਸ਼ਾਨਾ ਬਣਾਇਆ ਜਾਂਦਾ ਹੈ।<br><br>ਸਾਰੀਆਂ ਔਰਤਾਂ ਨੂੰ ਨਿਰਪੱਖ ਮੀਡੀਆ ਦੀ ਸਹਾਇਤਾ ਦੀ ਲੋੜ ਹੈ ਜੋ ਨੁਕਸਾਨਦੇਹ ਰੂੜੀਵਾਦੀਆਂ ਨੂੰ ਸ਼ਹਿ ਨਾ ਦੇਵੇ। | ਨਾਲ ਪਤਨੀ ਦਾ ਕਤਲ'<br><br>ਕਿਉਂਕਿ Mayang Prasetyo ਦੀ ਜਿਨਸੀ ਵਿਭਿੰਨਤਾ, ਪੇਸ਼ਾ, ਡਾਕਟਰੀ ਇਤਿਹਾਸ ਅਤੇ ਜਨਮ ਦਾ ਦੇਸ਼ ਨੂੰ ਦੋਸ਼ ਨਹੀਂ ਦਿੱਤਾ ਜਾ ਸਕਦਾ – ਉਸ ਦੇ ਪਤੀ ਦਾ ਹਿੰਸਾ ਵਰਤਣ ਦਾ ਤਰੀਕਾ ਜ਼ਿੰਮੇਵਾਰ ਸੀ। |
| 'ਨੱਚਣ ਵਾਲੇ ਫਰਸ਼ ਉਪਰ ਕਤਲ' | Arman Abrahimzadeh ਦੀ ਮਾਂ ਨੂੰ ਉਸ ਦੇ ਪਿਤਾ ਵੱਲੋਂ 300 ਲੋਕਾਂ ਦੇ ਸਾਹਮਣੇ ਨਿਰਦਾਇਤਾ ਨਾਲ ਕਤਲ ਕਰ ਦਿੱਤਾ ਗਿਆ, ਨੇ ਬਹੁਤ ਧਿਆਨ ਖਿੱਚਿਆ।<br><br>ਆਪਣੀ ਮਾਂ ਦੇ ਕਤਲ ਤੋਂ ਬਾਅਦ, ਆਸਟ੍ਰੇਲੀਆ ਦੇ ਮੀਡੀਆ ਵਾਲਿਆਂ ਨੇ ਇਹ ਦਰਸਾਇਆ ਕਿ ਉਸ ਦੀ ਮੁਸਲਮਾਨ ਵਿਰਾਸਤ ਹੋਣ ਕਰਕੇ ਇਹ ਕਤਲ ਕਿਵੇਂ ਨਾ ਕਿਵੇਂ ਸਭਿਆਚਾਰ ਨਾਲ ਸਬੰਧਿਤ ਸੀ।<br><br>ਸੁਰਖੀ ਦਾ ਇਕ ਬਹੁਤ ਪ੍ਰਸਿੱਧ ਪੌਪ ਗਾਣੇ ਨਾਲ ਜੋੜਨਾ ਬੇਲੋੜਾ ਅਤੇ ਬੇਇਜ਼ਤੀ ਵਾਲਾ ਸੀ। | Arman ਨੇ ਦੱਸਿਆ: "ਸਾਡੀ ਮਾਂ ਦੀ ਮੌਤ ਕੋਈ ਏਦਾਂ ਦੀ ਨਹੀਂ ਸੀ ਜਿਸ ਨੂੰ ਅਖਬਾਰ ਵੇਚਣ ਵਾਸਤੇ ਨਾਟਕੀ ਰੰਗ ਦੇਣ ਦੀ ਲੋੜ ਸੀ, ਮੇਰੇ ਪਿਤਾ ਦੀ ਹਿੰਸਾ ਧਾਰਮਿਕ ਜਾਂ ਸਭੀਆਚਾਰਕ ਕੀਮਤਾਂ ਦਾ ਨਤੀਜਾ ਨਹੀਂ ਸੀ ਅਤੇ ਇਹ ਪੱਕਾ ਇਸ ਕਰਕੇ ਨਹੀਂ ਸੀ ਕਿ ਉਸ ਦਾ 'ਦਿਮਾਗ ਫਿਰ' ਗਿਆ ਸੀ।<br><br>"ਮੇਰੀ ਮਾਂ ਦੀ ਮੌਤ ਸਮਾਜ ਜਿਸ ਵਿੱਚ ਅਸੀਂ ਰਹਿੰਦੇ ਹਾਂ ਵਿੱਚ ਡੂੰਘੀ ਲਿੰਗ-ਨਾਬਰਾਬਰਤਾ ਦੇ ਨਤੀਜੇ ਵਜੋਂ ਸੀ, ਜਿੱਥੇ ਮੇਰੀ ਮਾਂ, ਭੈਣਾਂ ਅਤੇ ਮੈਂ ਮੇਰੇ ਪਿਤਾ ਦੀ ਜਾਇਦਾਦ ਸਨ"। | 'ਆਦਮੀ ਨੇ ਆਪਣੀ ਪਤਨੀ ਨੂੰ ਸਾਲਾਂ ਦੀ ਬਦਸਲੂਕੀ ਤੋਂ ਬਾਅਦ ਮਾਰ ਦਿੱਤਾ' |

## 4. ਆਮ ਭੁਲੇਖੇ

ਜਦੋਂ ਔਰਤਾਂ ਅਤੇ ਉਹਨਾਂ ਦੇ ਬੱਚਿਆਂ ਦੇ ਖਿਲਾਫ ਹਿੰਸਾ ਦੀ ਗੱਲ ਆਉਂਦੀ ਹੈ ਤਾਂ ਇੱਥੇ ਬਹੁਤ ਸਾਰੇ ਭੁਲੇਖੇ ਹਨ, ਜਿੰਨ੍ਹਾਂ ਵਿੱਚ ਸ਼ਾਮਲ ਹਨ:

| ਭੁਲੇਖੇ | ਸੱਚਾਈ |
|---|---|
| ਸ਼ਰਾਬ, ਨਸ਼ੀਲੇ ਪਦਾਰਥਾਂ ਦੀ ਵਰਤੋਂ, ਦਿਮਾਗੀ ਸਿਹਤ ਮੁੱਦੇ ਜਾਂ ਤਣਾਅ, ਔਰਤਾਂ ਦੇ ਖਿਲਾਫ ਹਿੰਸਾ ਦਾ ਸਬੱਬ ਬਣਦੇ ਹਨ ਜਾਂ ਇਸ ਨੂੰ ਕਰਵਾਉਂਦੇ ਹਨ। | ਭਾਂਵੇਂ ਕਿ ਇਹ ਮੁੱਦੇ ਹਿੰਸਾ ਨੂੰ ਭੜਕਾਉਂਦੇ ਹਨ ਇਹ ਇਸ ਦਾ ਸਬੱਬ ਨਹੀਂ ਬਣਦੇ ਹਨ ਜਾਂ ਇਸ ਨੂੰ ਕਰਵਾਉਂਦੇ ਹਨ। |
| ਮਰਦਾਂ ਦਾ 'ਦਿਮਾਗ ਫਿਰ' ਜਾਂਦਾ ਹੈ ਜਾਂ ਕੁਝ (ਇਕ ਝਗੜਾ) ਨੇ ਹਿੰਸਾ ਨੂੰ 'ਭੜਕਾ' ਦਿੱਤਾ। | ਖੋਜਾਂ ਦੱਸਦੀਆਂ ਹਨ ਕਿ ਮਰਦਾਂ ਦੀ ਵੱਡੀ ਬਹੁਗਿਣਤੀ (80 ਪ੍ਰਤੀਸ਼ਤ) ਜਿੰਨ੍ਹਾਂ ਨੇ ਆਪਣੇ ਸਾਥੀਆਂ ਦਾ ਕਤਲ ਕੀਤਾ ਹੈ ਉਹਨਾਂ |

| | |
|---|---|
| | ਕੋਲ ਅੱਤਿਆਚਾਰ ਕਰਨ ਦਾ ਇਤਿਹਾਸ ਸੀ। |
| ਲਿੰਗਵਾਦ/ਲਿੰਗ ਨਾਬਰਾਬਰਤਾ ਦਾ ਔਰਤਾਂ ਦੇ ਖਿਲਾਫ ਹਿੰਸਾ ਨਾਲ ਕੋਈ ਲੈਣਾ ਦੇਣਾ ਨਹੀਂ ਹੈ। | ਔਰਤਾਂ ਦੀ ਵੱਡੀ ਗਿਣਤੀ ਪਰਿਵਾਰਕ ਹਿੰਸਾ ਅਤੇ ਜਿਨਸੀ ਅਤੇ ਸਰੀਰਕ ਹਮਲੇ ਦਾ ਸ਼ਿਕਾਰ ਹੁੰਦੀ ਹੈ (ABS, 2016) ਕਿਉਂਕਿ ਉਹਨਾਂ ਨੂੰ ਲਿੰਗ ਕਰਕੇ ਹਿੰਸਾ ਦਾ ਨਿਸ਼ਾਨਾ ਬਣਾਇਆ ਜਾਂਦਾ ਹੈ ਅਤੇ ਬਹੁਗਿਣਤੀ ਵਿੱਚ ਹਮਲਾਵਰ ਮਰਦ ਹੁੰਦੇ ਹਨ। |
| ਔਰਤਾਂ ਦੇ ਖਿਲਾਫ ਹਿੰਸਾ ਬਹੁਤ ਹੀ ਘੱਟ ਅਤੇ ਅਣਹੋਣੀ ਹੈ। | ਸੰਸਾਰ ਸਿਹਤ ਸੰਸਥਾ ਸਾਨੂੰ ਦੱਸਦੀ ਹੈ ਕਿ ਔਰਤਾਂ ਦੇ ਖਿਲਾਫ ਹਿੰਸਾ ਬਾਰੇ ਪਹਿਲਾਂ ਪਤਾ ਹੁੰਦਾ ਹੈ ਅਤੇ ਰੋਕੀ ਜਾ ਸਕਦੀ ਹੈ। ਸਾਰੇ ਆਸਟ੍ਰੇਲੀਆ ਵਿੱਚ, ਪੁਲੀਸ ਨੂੰ ਔਸਤਨ ਹਰ ਦੋ ਮਿੰਟਾਂ ਬਾਅਦ ਪਰਿਵਾਰਕ ਹਿੰਸਾ ਕਰਕੇ ਬੁਲਾਇਆ ਜਾਂਦਾ ਹੈ। 15-44 ਸਾਲ ਦੀ ਉਮਰ ਵਿੱਚ ਔਰਤਾਂ ਦੀ ਮਾੜੀ ਸਿਹਤ ਅਤੇ ਅਗਾਊਂ ਮੌਤ ਵਿੱਚ ਪਰਿਵਾਰਕ ਹਿੰਸਾ ਦਾ ਵੀ ਸਭ ਤੋਂ ਵੱਡਾ ਯੋਗਦਾਨ ਹੈ (VicHealth, 2018)। |
| ਕੁਝ ਸਭਿਆਚਾਰ ਜਾਂ ਸਮਾਜਿਕ-ਆਰਥਿਕ ਸਮੂਹ ਦੂਸਰਿਆਂ ਨਾਲੋਂ ਜ਼ਿਆਦਾ ਲੜਾਕੇ ਹਨ। | ਵਿਤਕਰੇ ਦਾ ਅਰਥ ਇਹ ਹੋ ਸਕਦਾ ਹੈ ਕਿ ਕੁਝ ਸਭਿਆਚਾਰ ਜਾਂ ਸਮਾਜਿਕ-ਆਰਥਿਕ ਸਮੂਹ ਦੀਆਂ ਔਰਤਾਂ ਆਮ ਨਾਲੋਂ ਜ਼ਿਆਦਾ ਹਿੰਸਾ ਦਾ ਸ਼ਿਕਾਰ ਹੁੰਦੀਆਂ ਹਨ, ਇਸ ਗੱਲ ਦਾ ਦਾਅਵਾ ਕਰਨਾ ਕਿ ਇਹਨਾਂ ਸਮੂਹਾਂ ਦੇ ਹਮਲਾਵਰ ਜਨਮਜਾਤ ਜ਼ਿਆਦੇ ਲੜਾਕੇ ਹੁੰਦੇ ਹਨ ਗਲਤ ਅਤੇ ਨੁਕਸਾਨਦੇਹ ਹੈ। ਅਕਸਰ ਰਿਪੋਰਟ ਕਰਨੀ ਕਿ ਮੂਲਵਾਸੀ ਔਰਤਾਂ ਦੇ ਖਿਲਾਫ ਹਿੰਸਾ ਸਿਰਫ ਮੂਲਵਾਸੀ ਮਰਦਾਂ ਵੱਲੋਂ ਕੀਤੀ ਜਾਂਦੀ ਹੈ, ਜਦੋਂ ਕਿ ਗੈਰ-ਮੂਲਵਾਸੀ ਮਰਦ ਵੀ ਹਮਲਾਵਰ ਹਨ, ਖਾਸ ਤੌਰ ਤੇ ਸ਼ਹਿਰੀ ਇਲਾਕਿਆਂ ਵਿੱਚ (Our Watch, 2018)।<br><br>ਪਰਸੰਗ ਵਿੱਚ, ਅਸੀਂ ਇਹ ਵੀ ਜਾਣਦੇ ਹਾਂ ਕਿ ਆਰਜ਼ੀ ਵੀਜ਼ੇ ਵਾਲੀਆਂ ਔਰਤਾਂ ਆਪਣੇ ਸਾਥੀਆਂ ਦੀ ਹਿੰਸਾ ਸਹਿੰਦੀਆਂ ਹਨ ਜੋ ਕਿ ਆਸਟ੍ਰੇਲੀਆ ਦੇ ਨਾਗਰਿਕਾਂ ਸਮੇਤ ਸਾਰੇ ਸਭਿਆਚਾਰਕ ਪਿਛੋਕੜਾਂ ਤੋਂ ਹੁੰਦੇ ਹਨ। |
| ਔਰਤਾਂ ਜਿਨਸੀ ਹਮਲੇ ਅਤੇ ਬਲਾਤਕਾਰ ਦੇ ਬਾਰੇ ਅਕਸਰ ਝੂਠ ਬੋਲਦੀਆਂ ਹਨ। | ਪਰਿਵਾਰਕ ਹਿੰਸਾ ਜਾਂ ਜਿਨਸੀ ਹਮਲੇ ਦਾ ਝੂਠਾ ਦਾਅਵਾ ਬਹੁਤ ਹੀ ਜ਼ਿਆਂਦਾ ਘੱਟ ਹੈ (AIFS, 2013), ਅਤੇ ਅਸਚਰਜ ਇਹ ਕਿ 80 ਪ੍ਰਤੀਸ਼ਤ ਔਰਤਾਂ ਜੋ ਮੌਜੂਦਾ ਸਾਥੀ ਕੋਲੋਂ ਹਿੰਸਾ ਸਹਿੰਦੀਆਂ ਹਨ (ABS, 2012), ਅਤੇ 80 ਪ੍ਰਤੀਸ਼ਤ ਔਰਤਾਂ ਜੋ ਜਿਨਸੀ ਹਮਲਾ ਸਹਿੰਦੀਆਂ ਹਨ, ਹਿੰਸਾ ਬਾਰੇ ਪੁਲੀਸ ਨਾਲ ਸੰਪਰਕ ਨਹੀਂ ਕਰਦੀਆਂ ਹਨ (ABS, 2006)। |

| | |
|---|---|
| ਔਰਤਾਂ “ਜੇ ਉਹ ਚਾਹੁਣ” ਤਾਂ ਹਿੰਸਕ ਸਥਿਤੀ ਨੂੰ ਛੱਡ ਕੇ ਜਾ ਸਕਦੀਆਂ ਹਨ। | ਕਤਲ ਸਮੇਤ ਅੱਤ ਦੀ ਹਿੰਸਾ ਆਮ ਤੌਰ ਤੇ ਉਦੋਂ ਵਾਪਰਦੀ ਹੈ ਜਦੋਂ ਔਰਤ ਰਿਸ਼ਤੇ ਨੂੰ ਛੱਡਣ ਦੀ ਕੋਸ਼ਿਸ਼ ਕਰਦੀ ਹੈ।<br><br>ਜਦੋਂ ਇਹ ਮੰਨ ਲਿਆ ਜਾਂਦਾ ਹੈ ਕਿ ਔਰਤ ਜੋ ਕਿ ਹਿੰਸਾ ਦੀ ਸ਼ਿਕਾਰ ਹੈ ਆਪ ਖੁਦ ਰਹਿਣਾ ਚਾਹੁੰਦੀ ਹੈ, ਹਮਲਾਵਰ ਤੋਂ ਇਲਜ਼ਾਮ ਪਰ੍ਹੇ ਕਰ ਲਿਆ ਜਾਂਦਾ ਹੈ।<br><br>ਇੱਥੇ ਬਹੁਤ ਸਾਰੇ ਕਾਰਣ ਹਨ ਕਿ ਔਰਤਾਂ ਰਿਪੋਰਟ ਨਹੀਂ ਕਰਦੀਆਂ ਅਤੇ ਹਿੰਸਾ ਤੋਂ ਦੂਰ ਨਹੀਂ ਜਾਂਦੀਆਂ, ਇਸ ਵਿੱਚ ਸ਼ਾਮਲ ਹਨ:<br><br>• ਉਹਨਾਂ/ਉਹਨਾਂ ਦੇ ਬੱਚਿਆਂ ਦੀ ਜਿੰਦਗੀ ਨੂੰ ਡਰ (ਅਤੇ ਗਰਭਵਤੀ ਔਰਤਾਂ ਲਈ ਬਹੁਤ ਵੱਡਾ ਖਤਰਾ)<br>• ਸਭਿਆਚਾਰਕ ਉਮੀਦਾਂ ਜਾਂ ਪਰਿਵਾਰ ਤੇ ਦੋਸਤਾਂ ਵੱਲੋਂ ਦਬਾਅ<br>• ਭੱਜ ਕੇ ਸਹਾਇਤਾ ਲੱਭਣ ਦੀ ਯੋਗਤਾ ਵਿੱਚ ਰਿਹਾਇਸ਼ ਅਤੇ ਮਾਲੀ ਸਾਧਨਾਂ ਦੀ ਘਾਟ<br>• ਮਾਹਰ ਸਹਾਇਤਾ ਸੇਵਾਵਾਂ ਜਾਂ ਸੰਕਟਕਾਲੀ ਰਿਹਾਇਸ਼ ਤੱਕ ਪਹੁੰਚ ਵਿੱਚ ਰੁਕਾਵਟਾਂ – ਜਿਸ ਵਿੱਚ ਵੀਜ਼ੇ ਦੀ ਸਥਿਤੀ, ਭਾਸ਼ਾ ਅਤੇ ਭੂਗੋਲਿਕ ਸਥਿਤੀ (ਜਿਵੇਂ ਦਿਹਾਤੀ ਅਤੇ ਦੁਰਾਡੇ ਖੇਤਰਾਂ ਵਿੱਚ ਰਹਿਣਾ) ਸ਼ਾਮਲ ਹੈ<br>• ਪੁਰਾਣੇ ਨਸਲਵਾਦ ਜਾਂ ਭੇਦ-ਭਾਵ ਦੇ ਤਜਰਬੇ ਕਰਕੇ ਪੁਲੀਸ ਜਾਂ ਹੋਰ ਅਫਸਰਾਂ ਉਪਰ ਵਿਸ਼ਵਾਸ਼ ਕਰਨ ਵਿੱਚ ਮੁਸ਼ਕਿਲ, ਜਾਂ ਜੇ ਉਹਨਾਂ ਨੇ ਘਰ ਦੇ ਲਾਗੇ ਹਿੰਸਾ ਦੀ ਰਿਪੋਰਟ ਕੀਤੀ ਤਾਂ ਬੱਚਿਆਂ ਨੂੰ ਖੋਹ ਕੇ ਸੰਭਾਲ ਵਿੱਚ ਲੈ ਜਾਣ ਦੀ ਚਿੰਤਾ<br>• ਛੱਡ ਕੇ ਜਾਣ ਵਿੱਚ ਮੁਸ਼ਕਿਲ ਕਿਉਂਕਿ ਉਹ ਸ਼ਾਇਦ ਆਪਣੇ ਅੱਤਿਆਚਾਰ ਕਰਨ ਵਾਲਿਆਂ ਦੀ ਸਹਾਇਤਾ ਉਪਰ ਨਿਰਭਰ ਕਰਦੀਆਂ ਹਨ (ਉਦਾਹਰਣ ਵਜੋਂ, ਅਪੰਗਤਾ ਵਾਲੀਆਂ ਔਰਤਾਂ ਅਤੇ ਬਜ਼ੁਰਗ ਔਰਤਾਂ)। |

# 3. ਤੱਥ ਅਤੇ ਅੰਕੜੇ

## ਅੰਕੜੇ

### ਵਿਕਟੋਰੀਆ ਵਿੱਚ:

- 2017-18 ਵਿੱਚ ਇਕ ਸਾਲ ਦੇ ਦੌਰਾਨ:
    - ਹਰ ਮਹੀਨੇ 5,690 ਅਤੇ 7,127 ਦੇ ਵਿਚਕਾਰ ਪਰਿਵਾਰਕ ਹਿੰਸਾ ਦੀਆਂ ਘਟਨਾਵਾਂ ਰਿਕਾਰਡ ਕੀਤੀਆਂ ਗਈਆਂ ਸਨ
    - ਪਰਿਵਾਰਕ ਹਿੰਸਾ ਦੇ ਸ਼ਿਕਾਰ ਹੋਏ 76,125 ਵਿਕਟੋਰੀਆ ਵਾਸੀਆਂ ਵਿੱਚੋਂ 75 ਪ੍ਰਤੀਸ਼ਤ ਮਾਦਾ ਸਨ, ਜ਼ਿਆਦਾਤਰ (71.5 ਪ੍ਰਤੀਸ਼ਤ) ਦੀ ਉਮਰ 20-49 ਸਾਲ ਸੀ
    - ਇਹ ਹਿੰਸਾ ਕਰਨ ਵਾਲੇ ਹਮਲਾਵਰਾਂ ਵਿੱਚੋਂ 76.2 ਪ੍ਰਤੀਸ਼ਤ ਨਰ ਸਨ
- ਵਿਕਟੋਰੀਆ ਦੇ ਮੂਲਵਾਸੀ ਪਰਿਵਾਰਕ ਹਿੰਸਾ ਦੀਆਂ ਘਟਨਾਵਾਂ ਦੀਆਂ ਰਿਪੋਰਟਾਂ ਵਿੱਚ ਬਹੁਤ ਗਿਣਤੀ ਵਿੱਚ ਹਨ ਅਤੇ ਇਹਨਾਂ ਵਿੱਚੋਂ ਪਰਿਵਾਰ ਦੇ ਜੀਆਂ ਵੱਲੋਂ ਚਾਰ ਗੁਣਾ ਅਤੇ ਕਥਿਤ ਅਪਰਾਧੀਆਂ ਦੁਆਰਾ ਪੰਜ ਗੁਣਾ ਪ੍ਰਭਾਵਿਤ ਹੁੰਦੇ ਹਨ। ਵਿਕਟੋਰੀਆ ਦੀ ਅਬਾਦੀ ਵਿੱਚ ਇਕ ਪ੍ਰਤੀਸ਼ਤ ਤੋਂ ਵੀ ਘੱਟ ਹੋਣ ਦੇ ਬਾਵਜੂਦ ਮੂਲਵਾਸੀ ਪਿਛਲੇ 10 ਸਾਲਾਂ ਵਿੱਚ ਸਾਰੇ ਰਿਪੋਰਟ ਕੀਤੇ (21,401) ਪ੍ਰਭਾਵਿਤ ਪਰਿਵਾਰ ਦੇ ਜੀਆਂ ਵਿੱਚੋਂ ਚਾਰ ਪ੍ਰਤੀਸ਼ਤ ਹਨ ਅਤੇ ਕਥਿਤ ਤੌਰ ਤੇ ਰਿਪੋਰਟ ਕੀਤੇ ਗਏ (25,666) ਸਾਰੇ ਅਪਰਾਧਾਂ ਦਾ ਪੰਜ ਪ੍ਰਤੀਸ਼ਤ ਹਨ। (Victorian Aboriginal Affairs Report, 2017)
- ਵਿਸ਼ਵ ਵਿਆਪੀ ਖੋਜਾਂ ਦੱਸਦੀਆਂ ਹਨ ਕਿ ਛੇਆਂ ਵਿੱਚੋਂ ਇਕ (ਲੱਗਭੱਗ 150,000) ਵਿਕਟੋਰੀਆ ਦੇ ਬਜ਼ੁਰਗ ਵਾਸੀ ਵੱਡੀ ਉਮਰ ਵਾਲੇ ਅੱਤਿਆਚਾਰ ਤੋਂ ਪ੍ਰਭਾਵਿਤ ਹਨ (Seniors Rights Victoria, 2018), ਬਜ਼ੁਰਗਾਂ ਦੇ ਖਿਲਾਫ ਕੀਤੇ ਗਏ ਸਾਰੇ ਅਪਰਾਧਾਂ ਦੇ ਲੱਗਭੱਗ ਅੱਧੇ ਪਰਿਵਾਰਕ ਹਿੰਸਾ ਦੇ ਪਰਸੰਗ ਵਿੱਚ ਹੁੰਦੇ ਹਨ (Alastair Goddell, Victoria Police, 2018)
- ਵਿਕਟੋਰੀਆ ਵਿੱਚ, ਮਾਹਰ ਬੇਘਰ ਦੀਆਂ ਸੇਵਾਵਾਂ ਲੱਭ ਰਹੇ ਲੋਕਾਂ ਵਿੱਚੋਂ 38 ਪ੍ਰਤੀਸ਼ਤ ਔਰਤਾਂ ਹਨ ਜੋ ਕਿ ਪਰਿਵਾਰਕ ਹਿੰਸਾ ਕਰਕੇ ਘਰੋਂ ਭੱਜੀਆਂ ਹਨ, ਰਾਸ਼ਟਰੀ ਇਹ 33 ਪ੍ਰਤੀਸ਼ਤ ਹੈ

### ਆਸਟ੍ਰੇਲੀਆ ਵਿੱਚ:

- ਔਸਤਨ, ਇਕ ਔਰਤ ਪ੍ਰਤੀ ਹਫਤਾ ਉਸ ਦੇ ਮੌਜੂਦਾ ਜਾਂ ਪਹਿਲੇ ਸਾਥੀ ਵੱਲੋਂ ਕਤਲ ਕਰ ਦਿੱਤੀ ਜਾਂਦੀ ਹੈ (AIHW, 2018)
- ਤਿੰਨ ਵਿੱਚੋਂ ਆਸਟ੍ਰੇਲੀਆ ਦੀ ਇਕ ਔਰਤ ਨੇ ਸਰੀਰਕ ਹਿੰਸਾ ਨੂੰ ਸਹਿਆ ਹੈ (ABS, 2017)
- ਪੰਜ ਵਿੱਚੋਂ ਆਸਟ੍ਰੇਲੀਆ ਦੀ ਇਕ ਔਰਤ ਨੇ ਜਿਨਸੀ ਹਿੰਸਾ ਨੂੰ ਸਹਿਆ ਹੈ (ABS, 2017)
- ਮਰਦਾਂ ਨਾਲੋਂ ਔਰਤਾਂ ਘੱਟੋ ਘੱਟ ਤਿੰਨ ਗੁਣਾ ਜ਼ਿਆਦਾ ਆਪਣੇ ਨਿਕਟਵਰਤੀ ਸਾਥੀ ਦੇ ਹੱਥੋਂ ਹਿੰਸਾ ਦਾ ਸ਼ਿਕਾਰ ਹੋਣ ਦੀ ਸੰਭਾਵਨਾ ਹੁੰਦੀ ਹੈ
- ਪੰਜਾਂ ਵਿੱਚੋਂ ਇਕ LGBTIQ+ ਆਸਟ੍ਰੇਲੀਆ ਵਾਸੀਆਂ ਨੇ ਇਕ ਜਿਨਸੀ ਭਾਵਨਾ ਵਾਲਿਆਂ ਵੱਲੋਂ ਸਰੀਰਕ ਹਿੰਸਾ ਨੂੰ ਸਹਿਆ ਹੈ (Australian Human Rights Commission, 2014)
- ਅਪੰਗਤਾ ਵਾਲੀਆਂ ਔਰਤਾਂ ਅਤੇ ਕੁੜੀਆਂ ਨੂੰ ਅਪੰਗਤਾ ਤੋਂ ਬਿਨਾਂ ਵਾਲੀਆਂ ਨਾਲੋਂ ਦੁੱਗਣੀ ਹਿੰਸਾ ਦਾ ਸ਼ਿਕਾਰ ਹੋਣ ਦੀ ਸੰਭਾਵਨਾ ਹੈ (Women with Disabilities Victoria, 2013)
- ਆਸਟ੍ਰੇਲੀਆ ਵਿੱਚ 2017 ਵਿੱਚ ਔਰਤਾਂ ਦੇ ਖਿਲਾਫ ਹੋਈ ਹਿੰਸਾ ਵਿੱਚ ਜਾਨ ਗੁਆਉਣ ਵਾਲੀਆਂ 49 ਔਰਤਾਂ ਵਿੱਚੋਂ ਇਕ ਤਿਹਾਈ ਔਰਤਾਂ 60 ਸਾਲ ਦੀ ਉਮਰ ਤੋਂ ਵੱਧ ਸਨ (Counting Dead Women Australia 2018)

- ਮੂਲਵਾਸੀ ਔਰਤਾਂ ਨੂੰ ਦੂਸਰੀਆਂ ਔਰਤਾਂ ਨਾਲੋਂ ਪਰਿਵਾਰਕ ਹਿੰਸਾ ਦੇ ਕਾਰਣ 35 ਗੁਣਾ ਜ਼ਿਆਦਾ ਇਲਾਜ ਵਾਸਤੇ ਹਸਪਤਾਲ ਜਾਣ ਦੀ ਸੰਭਾਵਨਾ ਹੁੰਦੀ ਹੈ। ਪੰਜਾਂ ਵਿੱਚੋਂ ਦੋ ਕਤਲ ਦਾ ਸ਼ਿਕਾਰ ਹੋਏ ਮੂਲਵਾਸੀਆਂ (41 ਪ੍ਰਤੀਸ਼ਤ) ਨੂੰ ਉਹਨਾਂ ਦੇ ਚਲੰਤ ਜਾਂ ਪਿਛਲੇ ਸਾਥੀਆਂ ਵੱਲੋਂ ਮਾਰਿਆ ਜਾਂਦਾ ਹੈ, ਇਹ ਗੈਰ-ਮੂਲਵਾਸੀਆਂ ਨਾਲੋਂ ਦੁੱਗਣੀ ਦਰ ਹੈ (22 ਪ੍ਰਤੀਸ਼ਤ) (AIHW 2018)
- ਉਹ ਔਰਤਾਂ ਜੋ ਆਪਣੀ ਪਛਾਣ ਸਮਲਿੰਗਕ ਜਾਂ ਦੋ-ਲਿੰਗੀ ਵਜੋਂ ਕਰਵਾਉਂਦੀਆਂ ਹਨ ਨੂੰ ਆਮ ਸਾਧਾਰਣ ਔਰਤਾਂ ਨਾਲੋਂ ਕਿਤੇ ਜ਼ਿਆਦਾ ਦਰ ਉਪਰ ਜਿਨਸੀ ਹਿੰਸਾ ਦਾ ਸ਼ਿਕਾਰ ਹੋਣਾ ਪੈਂਦਾ ਹੈ (de Visser et al. 2014)

## ਅੰਕੜਿਆਂ ਦੀ ਸਮੱਸਿਆ

ਸਭ ਤੋਂ ਵਿਆਪਕ ਅੰਕੜੇ ਜੋ ਸਾਡੇ ਕੋਲ ਹਨ ਉਹ Australian Bureau of Statistics (ABS) ਦੁਆਰਾ ਕਰਵਾਏ ਸਰਵੇਖਣ ਤੋਂ ਆਏ ਹਨ, ਜੋ ਕਿ ਮਰਦਾਂ ਅਤੇ ਔਰਤਾਂ ਦੋਵਾਂ ਦੁਆਰਾ ਸਹੀ ਜਾਂਦੀ ਹਿੰਸਾ ਦੀ ਬਣਾਵਟ ਅਤੇ ਦਾਇਰੇ ਬਾਰੇ ਜਾਣਕਾਰੀ ਇਕੱਠਾ ਕਰਦਾ ਹੈ, ਪਰ ਜੁਰਮ ਦੇ ਅੰਕੜਿਆਂ ਨੂੰ ਰਿਕਾਰਡ ਨਹੀਂ ਕਰਦਾ।

ਜੁਰਮ ਦੇ ਰਿਕਾਰਡ ਕੀਤੇ ਅੰਕੜੇ, ਜ਼ਰੂਰੀ ਨਹੀਂ ਸਾਨੂੰ ਦੱਸਣ ਕਿ ਕਿੰਨੇ ਲੋਕਾਂ ਨੇ ਲਿੰਗੀ ਹਿੰਸਾ ਨੂੰ ਸਹਿਆ ਹੈ ਕਿਉਂਕਿ ਬਹੁਤੇ ਲੋਕ ਜੋ ਇਸ ਨੂੰ ਸਹਿੰਦੇ ਹਨ, ਪੁਲੀਸ ਨੂੰ ਇਸ ਦੀ ਰਿਪੋਰਟ ਨਹੀਂ ਕਰਦੇ।

ਹੋਰ ਅੱਗੇ, ਔਰਤਾਂ ਜੋ ਕਈ ਪ੍ਰਕਾਰ ਦੇ ਵਿਤਕਰਾ ਅਤੇ ਜ਼ੁਲਮ (ਉਦਾਹਰਣ ਵਜੋਂ, ਉਹਨਾਂ ਦੀ ਨਸਲ, ਲਿੰਗ, ਜਿਨਸੀ ਵਿਭਿੰਨਤਾ, ਸਰੀਰਕ ਜਾਂ ਮਾਨਸਿਕ ਯੋਗਤਾ, ਜਾਂ ਉਮਰ ਕਰਕੇ) ਸਹਿੰਦੀਆਂ ਹਨ, ਉਹ ਦੂਸਰੀਆਂ ਔਰਤਾਂ ਨਾਲੋਂ ਜ਼ਿਆਦਾ ਦਰਜੇ ਦੀ ਹਿੰਸਾ ਸਹਿੰਦੀਆਂ ਹਨ ਪਰ ਉਹਨਾਂ ਦੀ ਹਿੰਸਾ ਦੀ ਰਿਪੋਰਟ ਕਰਨ ਦੀ ਜਾਂ ਉਚਿੱਤ ਜਵਾਬ ਜਾਂ ਸਹਾਰਾ ਪ੍ਰਾਪਤ ਕਰਨ ਦੀ ਸੰਭਾਵਨਾ ਬਹੁਤ ਘੱਟ ਹੁੰਦੀ ਹੈ।

ਸਾਨੂੰ ਇਸ ਗੱਲ ਤੋਂ ਵੀ ਸੁਚੇਤ ਹੋਣ ਦੀ ਲੋੜ ਹੈ ਕਿ ਸਾਡੇ ਆਪਣੇ ਅਸਪਸ਼ਟ ਝੁਕਾਓ ਸਾਨੂੰ ਅੰਕੜਿਆਂ ਨੂੰ ਪੜ੍ਹਨ ਸਮੇਂ ਗਲਤ ਤਰੀਕੇ ਨਾਲ ਅਰਥ ਕੱਢਵਾਉਂਦੇ ਹਨ। ਉਦਾਹਰਣ ਵਜੋਂ, ਭਾਂਵੇਂ ਕਿ ਮੂਲਵਾਸੀ ਅਤੇ ਟੌਰੇਸ ਸਟਰੇਟ ਟਾਪੂ ਦੀਆਂ ਔਰਤਾਂ ਦੂਸਰੀਆਂ ਔਰਤਾਂ[5] ਨਾਲੋਂ ਵੱਡੇ ਦਰ ਉਪਰ ਹਿੰਸਾ ਸਹਿੰਦੀਆਂ ਹਨ, ਜਨਤਾ ਵਿੱਚ ਚਰਚਾ ਅਤੇ ਮੀਡੀਆ ਵੱਲੋਂ ਇਹ ਰਿਪੋਰਟ ਕੀਤੀ ਜਾਂਦੀ ਹੈ ਕਿ ਇਹ ਹਿੰਸਾ ਸਿਰਫ ਮੂਲਵਾਸੀ ਜਾਂ ਟੌਰੇਸ ਸਟਰੇਟ ਟਾਪੂ ਦੇ ਮਰਦਾਂ ਵੱਲੋਂ ਕੀਤੀ ਜਾਂਦੀ ਹੈ, ਜਦੋਂ ਕਿ ਗੈਰ-ਮੂਲਵਾਸੀ ਮਰਦ ਵੀ ਜਵਾਬਦੇਹ ਹਨ, (ਖਾਸ ਤੌਰ ਤੇ ਸ਼ਹਿਰੀ ਇਲਾਕਿਆਂ ਵਿੱਚ ਜਵਾਬਦੇਹ ਹਨ (Our Watch, 2018)।

[5] ਇੱਥੇ ਕੋਈ ਵੀ ਇਕੱਲਾ ਅੰਕੜਾ ਸਰੋਤ ਨਹੀਂ ਹੈ ਜੋ ਸਾਰੀ ਤਰ੍ਹਾਂ ਦੀ ਹਿੰਸਾ ਦੀ ਸਿੱਧੀ ਤੁਲਨਾ ਪ੍ਰਦਾਨ ਕਰ ਸਕੇ। ਫਿਰ ਵੀ ਵੱਖ ਵੱਖ ਅੰਕੜਾ ਸਰੋਤ ਲਗਾਤਾਰ ਦੱਸਦੇ ਹਨ ਕਿ ਮੂਲਵਾਸੀ ਅਤੇ ਟੌਰੇਸ ਸਟਰੇਟ ਟਾਪੂ ਦੀਆਂ ਔਰਤਾਂ ਗੈਰ-ਮੂਲਵਾਸੀ ਔਰਤਾਂ ਨਾਲੋਂ ਉਚੀ ਦਰ (ਅਤੇ ਆਮ ਤੌਰ ਤੇ ਹੋਰ ਉਚੀ) ਤੇ ਹਿੰਸਾ ਸਹਿੰਦੀਆਂ ਹਨ, ਫਰਕ ਦਾ ਆਕਾਰ ਹਿੰਸਾ ਦੀ ਕਿਸਮ, ਅੰਕੜਿਆਂ ਦੇ ਸਰੋਤ ਅਤੇ ਹਲਕੇ ਅਨੁਸਾਰ ਵੱਧ ਘੱਟ ਹੋ ਸਕਦਾ ਹੈ। 2014-15 ਵਿੱਚ, ਪਰਿਵਾਰਕ ਹਿੰਸਾ ਨਾਲ ਸਬੰਧਿਤ ਹਮਲਿਆਂ ਕਰਕੇ ਮੂਲਵਾਸੀ ਅਤੇ ਟੌਰੇਸ ਸਟਰੇਟ ਟਾਪੂ ਦੀਆਂ ਔਰਤਾਂ ਦਾ ਹਸਪਤਾਲ ਵਿੱਚ ਦਾਖਲ ਹੋਣ ਦੀ ਦਰ 100 000 ਔਰਤਾਂ ਦੀ ਅਬਾਦੀ ਵਿੱਚ 530 ਔਰਤਾਂ ਸੀ। ਅਬਾਦੀ ਵਿੱਚ ਉਮਰ ਦੀ ਬਣਤਰ ਨੂੰ ਅਨੁਕੂਲ ਕਰਨ ਤੋਂ ਬਾਅਦ, ਇਹ ਦਰ ਗੈਰ-ਮੂਲਵਾਸੀ ਔਰਤਾਂ ਨਾਲੋਂ 32 ਗੁਣਾਂ ਜ਼ਿਆਦਾ ਹੈ। ਸਰੋਤ: ਸਟੀਅਰਿੰਗ ਕਮੇਟੀ ਫਾਰ ਦੀ ਰਿਵਿਊ ਆਫ ਗਵਰਨਮੈਂਟ ਸਰਵਿਸ ਪਰੋਵੀਜ਼ਨ (2016) Overcoming Indigenous disadvantage: Key indicators 2016 , ਪ੍ਰੋਡੱਕਟਿਵਟੀ ਕਮਿਸ਼ਨ, ਕੈਨਬਰਾ, ਸਫਾ 4.98, ਅਤੇ ਸੂਚੀ (ਸੂਚੀ 4ਏ. 12.13)

## 5. ਔਰਤਾਂ ਅਤੇ ਉਹਨਾਂ ਦੇ ਬੱਚਿਆਂ ਦੇ ਖਿਲਾਫ ਹਿੰਸਾ ਦੇ ਅਸਰ

ਔਰਤਾਂ ਅਤੇ ਉਹਨਾਂ ਦੇ ਬੱਚਿਆਂ ਦੇ ਖਿਲਾਫ ਹਿੰਸਾ ਦੇ ਅਸਰ ਵਿਭਿੰਨ, ਡੂੰਘੇ, ਅਤੇ ਲੰਬੇ ਸਮੇਂ ਲਈ ਹੋ ਸਕਦੇ ਹਨ। ਬਚਿਆਂ ਹੋਇਆਂ ਨੂੰ ਹਿੰਸਾ ਖਤਮ ਹੋਣ ਤੋਂ ਕਈ ਸਾਲ ਬਾਅਦ ਤੱਕ ਵੀ ਸਹਾਇਤਾ ਦੀ ਲਗਾਤਾਰ ਲੋੜ ਪੈ ਸਕਦੀ ਹੈ। ਇਸ ਕਰਕੇ ਇਸ ਦੇ ਪਰਿਵਾਰਾਂ ਅਤੇ ਭਾਈਚਾਰਿਆ ਲਈ ਅਤੇ ਆਖਿਰਕਾਰ ਸਮਾਜ ਲਈ ਸਮਾਜਿਕ, ਸਿਹਤ ਅਤੇ ਆਰਥਿਕ ਨਤੀਜੇ ਹਨ, ਜਿਸ ਦੀ ਆਸਟ੍ਰੇਲੀਆ ਨੂੰ ਲੱਗਭੱਗ ਲਾਗਤ 21.6 ਬਿਲੀਅਨ ਡਾਲਰ ਹਰ ਸਾਲ ਪੈਂਦੀ ਹੈ।

ਪਰਿਵਾਰਕ ਹਿੰਸਾ ਦੇ ਨਾਲ ਰਹਿਣਾ ਬੱਚਿਆਂ ਲਈ ਖਾਸ ਤੌਰ ਤੇ ਦੁਖਦਾਇਕ ਹੁੰਦਾ ਹੈ। ਇਸ ਦੇ ਅਸਰ ਸਦਮੇ ਵਾਲੇ, ਲਗਾਤਾਰ ਅਤੇ ਲੰਬੇ ਸਮੇਂ ਤੱਕ ਚੱਲਣ ਵਾਲੇ ਹੁੰਦੇ ਹਨ। ਇਹ ਸਮੇਂ ਦੇ ਨਾਲ ਤਹਿ ਪਰ ਤਹਿ ਜੰਮ ਕੇ ਅਤੇ ਸਿਹਤ, ਵਿਕਾਸ ਅਤੇ ਭਲਾਈ ਦੇ ਹਰ ਪਹਿਲੂ ਸਮੇਤ ਬੱਚਿਆਂ ਦੀਆਂ ਜਿੰਦਗੀਆਂ ਉਪਰ ਅਸਰ ਪਾ ਸਕਦੇ ਹਨ।

## 6. ਪ੍ਰਭਾਸ਼ਾਵਾਂ

### ਸ਼ਬਦ

'ਔਰਤਾਂ ਦੇ ਖਿਲਾਫ ਹਿੰਸਾ' ਲਿੰਗ ਆਧਾਰਿਤ ਹਿੰਸਾ ਕੋਈ ਕਾਰਵਾਈ ਹੈ ਜਿਸ ਨਾਲ ਔਰਤ ਨੂੰ ਦੁੱਖ ਜਾਂ ਮੁਸੀਬਤ ਦੀ ਸੰਭਾਵਨਾ ਹੋਵੇ, ਭਾਂਵੇਂ ਇਹ ਆਮ ਲੋਕਾਂ ਦੇ ਸਾਹਮਣੇ ਜਾਂ ਬੰਦ ਦਰਵਾਜ਼ੇ ਦੇ ਪਿੱਛੇ ਹੋਵੇ। 'ਲਿੰਗ-ਆਧਾਰਿਤ' ਦਾ ਅਰਥ ਕਿ ਹਿੰਸਾ ਮਰਦ ਨਾਲੋਂ ਔਰਤ ਨੂੰ ਤੁਲਨਾ ਵਿੱਚ ਜ਼ਿਆਦਾ ਅਸਰ ਕਰਦੀ ਹੈ (ਕੁਲ ਮਿਲਾ ਕੇ), ਇਹ ਸਮਾਜ ਦੇ ਵੱਡੇ ਪਰਸੰਗ ਵਿੱਚ ਵਾਪਰਦੀ ਹੈ ਜਿੱਥੇ ਤਾਕਤਾਂ ਅਤੇ ਸਾਧਨ ਮਰਦਾਂ ਤੇ ਔਰਤਾਂ ਵਿੱਚ ਬਰਾਬਰ ਨਹੀਂ ਵੰਡੇ ਜਾਂਦੇ, ਅਤੇ ਹਿੰਸਾ ਲਿੰਗ ਦੀ ਤਾਕਤ ਵਿੱਚ ਅਸੰਤੁਲਿਨ ਨੂੰ ਹੋਰ ਪੱਕਿਆਂ ਕਰਦੀ ਹੈ। ਭਾਂਵੇਂ ਕਿ ਔਰਤਾਂ ਵੱਲੋਂ ਸਹੀ ਜਾਂਦੀ ਜ਼ਿਆਦਾ ਹਿੰਸਾ 'ਪਰਿਵਾਰਕ' ਪਰਸੰਗ ਵਿੱਚ ਹੀ ਵਿੱਢੀ ਜਾਂਦੀ ਹੈ (ਮਰਦ ਸਾਥੀਆਂ ਜਾਂ ਸਾਬਕਾ ਸਾਥੀਆਂ, ਜਾਂ ਪਰਿਵਾਰ ਦੇ ਹੋਰ ਜੀਆਂ ਦੁਆਰਾ), ਇਹ ਕੇਸ *ਹਮੇਸ਼ਾਂ* ਨਹੀਂ ਹੁੰਦਾ – ਔਰਤਾਂ ਦੁਆਰਾ ਸਹੀ ਜਾਂਦੀ ਲਿੰਗੀ ਹਿੰਸਾ ਵਿੱਵ ਕਈ ਹੋਰ ਕਿਸਮਾਂ ਵੀ ਸ਼ਾਮਲ ਹਨ – ਉਦਾਹਰਣ ਵਜੋਂ, ਸਾਥੀ ਤੋਂ ਬਿਨਾਂ ਕਿਸੇ ਹੋਰ/ਪਰਿਵਾਰ ਦੇ ਜੀਅ ਦੁਆਰਾ ਬਲਾਤਕਾਰ ਅਤੇ ਜਿਨਸੀ ਹਮਲਾ, ਮਿਥੀ ਤਰੀਕ ਤੇ ਮਿਲਣ ਗਈ ਨੂੰ ਹਿੰਸਾ, ਅਤੇ ਸਰੀਰਕ ਹਿੰਸਾ ਜਾਂ (ਉਦਾਹਰਣ ਵਜੋਂ) ਨਾਲ ਕੰਮ ਕਰਨ ਵਾਲੇ ਸਾਥੀ, ਜਮਾਤੀ, ਜਾਂ ਅਜਨਬੀ ਵੱਲੋਂ ਪਰੇਸ਼ਾਨੀ।

'ਪਰਿਵਾਰਕ ਹਿੰਸਾ' ਇਕ ਵੱਡਾ ਸ਼ਬਦ ਹੈ ਜੋ ਉਸ ਹਿੰਸਾ ਵਾਸਤੇ ਵਰਤਿਆ ਜਾਂਦਾ ਹੈ ਜੋ ਕਿ ਪਰਿਵਾਰ ਦੇ ਵੱਡੇ ਅੰਤਰਜਾਲ (ਉਦਾਹਰਣ ਵਜੋਂ, ਪਰਿਵਾਰ ਦੇ ਜੀਆਂ ਦੇ ਵਿਚਕਾਰ) ਅਤੇ ਭਾਈਚਾਰੇ ਦੇ ਮੈਂਬਰਾਂ ਵਿੱਚ ਹੁੰਦੀ ਹੈ ਅਤੇ ਹਿੰਸਾ ਦੀਆਂ ਕਿਸਮਾਂ ਲਈ ਵਰਤੀ ਜਾਂਦੀ ਹੈ (ਸਰੀਰਕ, ਜਿਨਸੀ, ਮਾਨਸਿਕ, ਜ਼ਜ਼ਬਾਤੀ, ਜਾਂ ਵਿੱਤੀ) ਜੋ ਕਿ ਇਕ ਨਿਕਟਵਰਤੀ ਰਿਸ਼ਤੇ ਦੇ ਪਰਸੰਗ ਵਿੱਚ ਵਾਪਰਦੀ ਹੈ। ਪਰਿਵਾਰਕ ਹਿੰਸਾ ਉਸ ਹਿੰਸਾ ਨੂੰ ਵੀ ਕਿਹਾ ਜਾਂਦਾ ਹੈ ਜੋ ਮੂਲਵਾਸੀ ਅਤੇ ਟੌਰੇਸ ਸਟਰੇਟ ਟਾਪੂ ਦੇ ਭਾਈਚਾਰਿਆਂ ਵਿੱਚ ਜਾਂ ਦੂਸਰੇ ਸਭਿਆਚਾਰਕ ਭਾਈਚਾਰਿਆਂ ਵਿੱਚ ਦੂਰ ਦੇ ਸਾਕਾਂ ਅਤੇ ਪਰਿਵਾਰਕ ਰਿਸ਼ਤਿਆਂ ਵਿੱਚ ਵਾਪਰਦੀ ਹੈ। ਇਸ ਸ਼ਬਦ ਨੂੰ 'ਘਰੇਲੂ ਹਿੰਸਾ' ਨਾਲੋਂ ਅਕਸਰ ਜ਼ਿਆਦਾ ਵਰਤਿਆ ਜਾਂਦਾ ਹੈ, ਜੋ ਕਿ ਸਿਰਫ ਉਸ ਹਿੰਸਾ ਬਾਰੇ ਹੈ ਜੋ ਘਰੇਲੂ ਮਾਹੌਲ ਦੇ ਵਿੱਚ ਦੋ ਜਾਣਿਆਂ ਦੇ ਵਿਚਕਾਰ ਵਾਪਰਦੀ ਹੈ, ਜੋ ਨਿਕਟਵਰਤੀ ਸਬੰਧਾਂ ਵਿੱਚ ਹਨ ਜਾਂ ਸਨ।

ਵਿਕਟੋਰੀਆ ਦਾ ਪਰਿਵਾਰਕ ਹਿੰਸਾ ਬਚਾਓ ਕਾਨੂੰਨ 2008 ਪਰਿਵਾਰਕ ਹਿੰਸਾ ਦੀ ਪ੍ਰਭਾਸ਼ਾ ਇਸ ਤਰ੍ਹਾਂ ਕਰਦਾ ਹੈ "ਪਰਿਵਾਰ ਦੇ ਜੀਅ ਦਾ ਵਿਵਹਾਰ ਜੋ ਆਪਣੇ ਸਾਥੀ, ਸਾਬਕਾ ਸਾਥੀ ਜਾਂ ਪਰਿਵਾਰ ਦੇ ਦੂਸਰੇ ਜੀਆਂ ਵਿੱਚ ਡਰ ਅਤੇ ਕਾਬੂ ਕਰਨ ਦੀ ਭਾਵਨਾ ਪੈਦਾ ਕਰਦਾ ਹੈ"। ਇਹ ਵਿਵਹਾਰ ਕਈ ਕਿਸਮ ਦੇ ਹੋ ਸਕਦੇ ਹਨ ਅਤੇ ਇਹਨਾਂ ਵਿੱਚ ਸ਼ਾਮਲ ਹਨ:

- ਸਰੀਰਕ ਹਿੰਸਾ, ਜਿਵੇਂ ਕਿ ਮਾਰਨਾ, ਧੱਕਾ ਦੇਣਾ, ਸਾੜਨਾ ਜਾਂ ਗਲ ਘੁੱਟਣਾ, ਰੁੱਖੀ ਜਾਂ ਲਾਪਰਵਾਹੀ ਵਾਲੀ ਸੰਭਾਲ

- ਮਾਨਸਿਕ ਅਤੇ/ਜਾਂ ਜ਼ੁਬਾਨੀ ਅੱਤਿਆਚਾਰ (ਜਿਵੇਂ ਕਿ ਧਮਕੀਆਂ, ਵਾਰ ਵਾਰ ਥੱਲੇ ਲਾਉਣਾ, ਗਾਲਾਂ ਕੱਢਣੀਆਂ, ਲਿੰਗਕਵਾਦ, ਨਸਲਵਾਦ, ਉਮਰਵਾਦ, ਯੋਗਤਾਵਾਦ ਜਾਂ ਸਮਲਿੰਗੀਵਾਦ ਅਬਦਸਲੂਕੀ)
- ਜਜ਼ਬਾਤੀ ਬਦਸਲੂਕੀ, ਜਿਵੇਂ ਬੇਇਜ਼ਤੀ, ਹੇਰਾਫੇਰੀ, ਧਮਕੀਆਂ
- ਵਿੱਤੀ ਬਦਸਲੂਕੀ, ਜਿਵੇਂ ਪੈਸਿਆਂ ਤੱਕ ਪਹੁੰਚ ਉਪਰ ਕਾਬੂ
- ਚੋਰੀ ਪਿੱਛਾ ਕਰਨਾ ਜਾਂ ਹੋਰ ਕਿਸਮਾਂ ਦੀਆਂ ਪਰੇਸ਼ਾਨੀਆਂ
- ਜਿਨਸੀ ਹਿੰਸਾ, ਜ਼ਬਰਦਸਤੀ ਸਮੇਤ
- ਹੋਰ ਕਿਸਮਾਂ ਦੇ ਵਿਵਹਾਰ ਜੋ ਕਿ ਪਰਿਵਾਰ ਦੇ ਜੀਅ ਨੂੰ ਕਾਬੂ ਕਰਨ ਲਈ ਵਰਤੇ ਜਾਣ, ਉਹਨਾਂ ਨੂੰ ਡਰਾਉਣਾ, ਜਾਂ ਉਹਨਾਂ ਦੇ ਵਿਵੇਕ ਦੀ ਸ਼ਕਤੀ ਨੂੰ ਖਤਮ ਕਰ ਦੇਣਾ – ਸਮੇਤ ਇਸ ਦੀ ਸੀਮਾ ਤਹਿ ਕਰਨ ਦੇ ਕਿ ਉਹ ਕਿਸ ਨੂੰ ਮਿਲਦੇ ਹਨ ਜਾਂ ਉਹ ਕੀ ਕਰਦੇ ਹਨ

ਔਰਤਾਂ ਜੋ ਕਈ ਕਿਸਮਾਂ ਦਾ ਵਿਤਕਰਾ ਅਤੇ ਜੁਲਮ ਸਹਿੰਦੀਆਂ ਹਨ, ਹਮਲਾਵਰ ਇਸ ਹਾਨੀ ਨੂੰ ਆਪਣੀ ਬਦਸਲੂਕੀ ਵਾਸਤੇ ਵਰਤ ਸਕਦੇ ਹਨ। ਮਿਸਾਲ ਵਜੋਂ:

- ਵਿਅਕਤੀ ਦੇ ਅਪੰਗਤਾ ਨਾਲ ਸਬੰਧਿਤ ਉਪਕਰਣਾਂ ਜਾਂ ਸਹਾਇਤਾ ਨੂੰ ਹਟਾਉਣਾ
- ਕਿਸੇ ਨੂੰ 'ਬਾਹਰ' ਕੱਢਣ ਦੀ ਧਮਕੀ ਦੇਣਾ
- ਔਰਤ ਦੇ ਆਰਜ਼ੀ ਵੀਜ਼ੇ ਨੂੰ ਉਸ ਨੂੰ ਕਾਬੂ ਕਰਨ ਲਈ ਵਰਤਣਾ
- ਵੱਡੀ ਉਮਰ ਦੇ ਵਿਅਕਤੀ ਨੂੰ ਉਹਨਾਂ ਦੀ ਪੂੰਜੀ ਤੱਕ ਪਹੁੰਚ ਤੋਂ ਰੋਕਣਾ ਜਾਂ ਕਾਬੂ ਕਰਨਾ

ਪਰਿਵਾਰਕ ਹਿੰਸਾ ਕਿਸੇ ਨਾਲ ਵੀ ਲਿੰਗ, ਲਿੰਗੀ ਵਿਭਿੰਨਤਾ, ਜਾਂ ਪਛਾਣ ਦੇ ਕਿਸੇ ਵੀ ਹੋਰ ਚਿੰਨ੍ਹ ਦੀ ਪਰਵਾਹ ਕੀਤੇ ਬਿਨਾਂ ਵਾਪਰ ਸਕਦੀ ਹੈ। ਫਿਰ ਵੀ, ਅੰਕੜੇ ਦੱਸਦੇ ਹਨ ਕਿ ਬਹੁਤੇ ਹਮਲਾਵਰ ਮਰਦ ਹੁੰਦੇ ਹਨ ਅਤੇ ਔਰਤਾਂ ਤੇ ਬੱਚੇ ਬਹੁ ਗਿਣਤੀ ਵਿੱਚ ਸ਼ਿਕਾਰ-ਬਚ ਗਏ ਹੁੰਦੇ ਹਨ।

'ਬਜ਼ੁਰਗਾਂ ਨਾਲ ਬਦਸਲੂਕੀ' ਉਹ ਕੰਮ ਹੈ ਜੋ ਕਿ ਕਿਸੇ ਵੱਡੀ ਉਮਰ ਦੇ ਵਿਅਕਤੀ ਨੂੰ ਨੁਕਸਾਨ ਦਾ ਕਾਰਣ ਬਣਦੀ ਹੈ ਅਤੇ ਉਹਨਾਂ ਦੁਆਰਾ ਕੀਤੀ ਜਾਂਦੀ ਹੈ ਜਿੰਨ੍ਹਾਂ ਨੂੰ ਤੁਸੀਂ ਜਾਣਦੇ ਤੇ ਵਿਸ਼ਵਾਸ਼ ਕਰਦੇ ਹੋ ਜਿਵੇਂ ਪਰਿਵਾਰ ਜਾਂ ਦੋਸਤ। ਬਦਸਲੂਕੀ ਵਿੱਚ ਸ਼ਾਮਲ ਹੋ ਸਕਦਾ ਹੈ:

- ਸਰੀਰਕ – ਜਿਵੇਂ ਕਿ ਮਾਰਨਾ ਜਾਂ ਰੇੜ੍ਹਨਾ
- ਵਿੱਤੀ – ਕਿਸੇ ਦੀ ਜਾਇਦਾਦ, ਪੂੰਜੀ ਜਾਂ ਹੋਰ ਸੰਪਤੀਆਂ ਨੂੰ ਗੈਰ ਕਾਨੂੰਨੀ ਜਾਂ ਗਲਤ ਤਰੀਕੇ ਨਾਲ ਵਰਤਣਾ
- ਜਜ਼ਬਾਤੀ – ਜਿਵੇਂ ਕਿ ਜ਼ੁਬਾਨੀ ਬਦਸਲੂਕੀ ਅਤੇ ਧਮਕੀਆਂ;
- ਜਾਂ ਜਿਨਸੀ – ਅਣਚਾਹੀਆਂ ਜਿਨਸੀ ਕਿਰਿਆਵਾਂ ਜਾਂ ਸਪਰਸ਼ ਕਰਨਾ।

ਇਸ ਵਿੱਚ ਅਣਗੌਲਿਆਂ ਕਰਨਾ, ਅਤੇ ਆਮ ਤੌਰ ਤੇ ਇਕ ਤੋਂ ਜ਼ਿਆਦਾ ਬਦਸਲੂਕੀ ਦੀ ਕਿਸਮ ਵਰਤੀ ਜਾਂਦੀ ਹੈ।

## 7. ਮੀਡੀਆ ਅਤੇ ਪਿਛੋਕੜ ਦੇ ਸੰਪਰਕ

ਇੱਥੇ ਅਸੀਂ ਕੁਝ ਰਾਹ ਵਿਖਾਉਂਦੇ ਹਾਂ ਜੋ ਤੁਸੀਂ ਪਰਿਵਾਰਕ ਹਿੰਸਾ ਦੇ ਮਾਹਰ ਲੋਕਾਂ ਅਤੇ ਸੰਸਥਾਂਵਾਂ ਨੂੰ ਲੱਭਣ ਵਾਸਤੇ ਅਤੇ ਔਰਤਾਂ ਤੇ ਉਹਨਾਂ ਦੇ ਬੱਚਿਆਂ ਦੇ ਖਿਲਾਫ ਹਿੰਸਾ ਨੂੰ ਰੋਕਣ ਵਾਸਤੇ ਵਰਤ ਸਕਦੇ ਹੋ।

ਮੀਡੀਆ ਅਤੇ ਪਿਛੋਕੜ ਦੇ ਸੰਪਰਕ ਵੇਰਵੇ ਦੇਣ ਦੀ ਬਜਾਏ ਜੋ ਜਲਦੀ ਹੀ ਪੁਰਾਣੇ ਹੋ ਜਾਂਦੇ ਹਨ, ਅਸੀਂ ਮੀਡੀਆ ਸੰਪਰਕਾਂ ਦੀ ਨਿਯਮਤ ਛੇਕੜਲੀ ਸੂਚੀ ਵਾਸਤੇ Our Watch ਵੈਬਸਾਈਟ ਉਪਰ ਜਾਣ ਦੀ ਸਲਾਹ ਦਿੰਦੇ ਹਾਂ[6]।

## ਮਾਹਰ ਪਰਿਵਾਰਕ ਹਿੰਸਾ ਸੰਸਥਾਵਾਂ

- Our Watch
- ANROWS, Australia's National Research Centre for Women's Safety
- Djirra, ਪਹਿਲਾਂ Aboriginal Family Violence Prevention ਅਤੇ Legal Service Victoria
- Domestic Violence Resource Centre (DVRC)
- Domestic Violence Victoria (DV Vic)
- InTouch Multicultural Centre Against Family Violence
- No to Violence, ਮਰਦਾਂ ਦੀ ਪਰਿਵਾਰਕ ਹਿੰਸਾ ਨੂੰ ਖਤਮ ਕਰਨ ਵਾਲੀ ਉਚੀ ਸੰਸਥਾ
- CASA Forum
- Women's Health East, ਬਚਿਆਂ ਹੋਇਆਂ ਦੀ ਵਕਾਲਤ ਕਰਨ ਵਾਲਿਆਂ ਦੀ ਪਹੁੰਚ ਵਾਸਤੇ
- 1800 RESPECT (Medibank – ਰਾਸ਼ਟਰੀ ਸੇਵਾ)

## ਵਿਅਕਤੀ

- Dr. Anatasia Powell, RMIT University
- Dr. Kate Fitz-Gibbon, Monash University
- Margaret Simons, ਪੱਤਰਕਾਰ ਅਤੇ ਲਿਖਾਰੀ

## ਖਾਸ ਸਮੂਹਾਂ ਵਾਸਤੇ ਰਿਪੋਰਟ ਕਰਨ ਲਈ ਸਬੰਧਿਤ ਸੰਸਥਾਵਾਂ

- Gay and Lesbian Health Victoria
- Multicultural Centre for Women's Health
- Queerspace – ਡਰੰਮਡ ਸਟਰੀਟ ਸੇਵਾਵਾਂ
- Seniors Rights Victoria
- Thorne Harbour Health
- Women with Disabilities Victoria
- VicHealth
- Youth Affairs Council Victoria (YACVic)

# 8. ਸਾਧਨ ਅਤੇ ਪੜ੍ਹਨ ਲਈ ਹੋਰ

## ਅੰਕੜੇ ਅਤੇ ਸਰਵੇਖਣ


Australian Bureau of Statistics (ABS), 2017, *2016 ਨਿੱਜੀ ਸੁਰੱਖਿਆ ਸਰਵੇਖਣ:*
http://www.abs.gov.au/ausstats/abs@.nsf/mf/4906.0

Australian Bureau of Statistics (ABS), 2017, *ਰਿਕਾਰਡ ਕੀਤੇ ਜੁਰਮ – ਸ਼ਿਕਾਰ ਆਸਟ੍ਰੇਲੀਆ 2017– ਵਿਕਟੋਰੀਆ:*
http://www.abs.gov.au/ausstats/abs@.nsf/Lookup/by%20Subject/4510.0~2017~Main%20Features~Victoria~8


[6] ਮੀਡੀਆ ਅਤੇ ਪਿਛੋਕੜ ਦੇ ਸੰਪਰਕਾਂ ਦੀ ਛੇਕੜਲੀ ਸੂਚੀ ਵਾਸਤੇ www.ourwatch.org.au/News-media/Media-Contacts ਉਪਰ ਜਾਓ

Australian Domestic and Family Violence Death Review Network, *ਅੰਕੜਾ ਰਿਪੋਰਟ 2018:*
http://www.ombudsman.wa.gov.au/Reviews/Documents/FDV/ADFVDRN_Data_Report_2018.pdf

Australian Institute of Health and Welfare, 2018, *ਆਸਟ੍ਰੇਲੀਆ ਵਿੱਚ ਪਰਿਵਾਰਕ, ਘਰੇਲੂ ਅਤੇ ਜਿਨਸੀ ਹਿੰਸਾ:*
https://www.aihw.gov.au/reports/domestic-violence/family-domestic-sexual-violence-in-australia-2018/contents/summary

Crime Statistics Agency (Victoria), *ਪਰਿਵਾਰਕ ਹਿੰਸਾ ਅੰਕੜਾ ਪੋਰਟਲ:* https://www.crimestatistics.vic.gov.au/family-violence-data-portal

Morgan A & Chadwick H, 2009, *ਘਰੇਲੂ ਹਿੰਸਾ ਵਿੱਚ ਖਾਸ ਮੁੱਦੇ।* ਅਭਿਆਸ ਵਿੱਚ ਖੋਜ ਨੰਬਰ 7 ਕੈਨਬਰਾ: ਆਸਟ੍ਰੇਲੀਅਨ ਇੰਸਟੀਚਿਊਟ ਆਫ ਕਰਿਮਨੋਲੋਜੀ। https://aic.gov.au/publications/rip/rip07

VicHealth, 2013, *National Community Attitudes towards Violence Against Women Survey (NCAS)*:
https://www.vichealth.vic.gov.au/media-and-resources/publications/2013-national-community-attitudes-towards-violence-against-women-survey (ਕਿਰਪਾ ਨੋਟ ਕਰੋ ANROWS ਨਵੇਂ (2017) ਦੇ ਸਰਵੇਖਣ ਨਤੀਜਿਆਂ ਨੂੰ 2018 ਦੇ ਅਖੀਰ/2019 ਦੇ ਸ਼ੁਰੂ ਵਿੱਚ ਛਾਪੇਗਾ)।

ਵਿਕਟੋਰੀਆ ਸਰਕਾਰ 2018 *Dhelk Dja: Safe Our Way. ਮਜ਼ਬੂਤ ਸਭਿਆਚਾਰ ਮਜ਼ਬੂਤ ਲੋਕ ਮਜ਼ਬੂਤ ਭਾਈਚਾਰੇ*
https://www.vic.gov.au/system/user_files/Documents/fv/Dhelk%20Dja%20-%20Safe%20Our%20Way%20-%20Strong%20Culture%2C%20Strong%20Peoples%2C%20Strong%20Families%20Agreement.pdf

ਵਿਕਟੋਰੀਆ ਸਰਕਾਰ, *ਪਰਿਵਾਰਕ ਹਿੰਸਾ ਦਾ ਰੋਇਲ ਕਮਿਸ਼ਨ, 227 ਸਿਫਾਰਸ਼ਾਂ ਦੇ ਲਾਗੂ ਹੋਣ ਦੀ ਸਥਿਤੀ*
https://www.vic.gov.au/familyviolence/recommendations.html

World Health Organisation (WHO), *ਲਿੰਗੀ ਹਿੰਸਾ ਦੇ ਖਿਲਾਫ 16 ਦਿਨਾਂ ਦੀਆਂ ਸਰਗਰਮੀਆਂ, ਉਪਲਬਧ ਹੈ*
http://www.who.int/violence_injury_prevention/violence/global_campaign/16_days/en/index1.html

## ਮੀਡੀਆ ਨਿਰਦੇਸ਼ ਅਤੇ ਵਸੀਲੇ

Australian Press Council, 2014, *ਆਤਮਹੱਤਿਆ ਦੀ ਖਬਰ ਦੇਣ ਵਾਸਤੇ ਖਾਸ ਮਾਪਦੰਡ*
https://www.presscouncil.org.au/uploads/52321/ufiles/SPECIFIC_STANDARDS_SUICIDE_-_July_2014.pdf

Australian Press Council, 2016, *ਪਰਿਵਾਰਕ ਅਤੇ ਘਰੇਲੂ ਹਿੰਸਾ ਦੀ ਰਿਪੋਰਟ ਕਰਨ ਵਾਸਤੇ ਸਲਾਹ ਨਿਰਦੇਸ਼*
https://www.presscouncil.org.au/uploads/52321/ufiles/Guidelines/Advisory_Guideline_on_Family_and_Domestic_Violence_Reporting.pdf

Kalinya & Department of Premier and Cabinet, 2017, *ਮੂਲਵਾਸੀ ਲੋਕਾਂ ਦੇ ਪਰਿਵਾਰਕ ਤਜਰਬਿਆਂ ਬਾਰੇ ਰਿਪੋਰਟ ਕਰਨੀ*
http://kalinya.com.au/wp-content/uploads/2018/01/Reporting-on-Aboriginal-peoples-experiences-of-family-violence-media-toolkit-1.pdf

Monash University, 2018, *ਸੰਮਿਲਿਤ ਭਾਸ਼ਾ* https://www.monash.edu/about/editorialstyle/writing/inclusive-language

[Media Diversity Australia, *Reporting on Aboriginal and Torres Strait Islander Peoples and Issues,* *https://www.mediadiversityaustralia.org/indigenous/*]

Our Watch, *LGBTI ਭਾਈਚਾਰੇ ਦੇ ਲੋਕਾਂ ਦੇ ਖਿਲਾਫ ਪਰਿਵਾਰਕ ਹਿੰਸਾ ਨੂੰ ਰੋਕਣਾ*

https://www.ourwatch.org.au/getmedia/13fdedoc-851b-4935-b402-e00fdb9b6e4b/Summary-report_Preventing-FV-against-people-in-LGBTI-communities-(Accessible-PDF).pdf.aspx

Pearson M & Polden M, 2014, ਮੀਡੀਆ ਕਾਨੂੰਨ ਬਾਰੇ ਪੱਤਰਕਾਰ ਦੀ ਗਾਈਡ: ਡਿਜ਼ਿਟਲ ਯੁੱਗ ਦੇ ਵਿੱਚ ਸੰਚਾਰ ਕਰਨ ਵਾਲਿਆਂ ਵਾਸਤੇ ਛੋਟੀ ਕਿਤਾਬ, Allen and Unwin

ਮੂਲਵਾਸੀ ਅਤੇ ਟੌਰੇਸ ਟਾਪੂ ਵਾਸੀ ਅਤੇ ਮੁੱਦਿਆਂ ਬਾਰੇ ਰਿਪੋਰਟ ਕਰਨੀ: *ਮੀਡੀਆ ਵਾਸਤੇ ਆਰੰਭਕ ਸਾਧਨ (2018)*

ਕਿਊਨਜ਼ਲੈਂਡ ਸਰਕਾਰ, *ਘਰੇਲੂ ਅਤੇ ਪਰਿਵਾਰਕ ਹਿੰਸਾ ਮੀਡੀਆ ਗਾਈਡ:*

https://www.communities.qld.gov.au/resources/gateway/campaigns/end-violence/domestic-family-violence-media-guide.pdf